




ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition






Reg No: AAG1353 | Ludhiana, Sunday 22 March, 2026 | website: www.cee7news.com


## ਹਿਮਾਚਲ ਪ੍ਰਦੇਸ਼ ਸਰਕਾਰ ਨੇ ਆਪਣੇ ਬਜਟ ਵਿੱਚ ਇੱਕ ਨਵਾਂ ਟੈਕਸ ਲਾਉਣ ਦਾ ਐਲਾਨ ਕੀਤਾ



ਹਿਮਾਚਲ ਪ੍ਰਦੇਸ਼ ਸਰਕਾਰ ਨੇ ਆਪਣੇ ਬਜਟ ਵਿੱਚ ਇੱਕ ਨਵਾਂ ਟੈਕਸ ਲਾਉਣ ਦਾ ਐਲਾਨ ਕੀਤਾ ਹੈ, ਜਿਸ ਨੂੰ 'ਅਨਾਥ ਅਤੇ ਵਿਧਵਾ ਸੈੱਸ' ਕਿਹਾ ਜਾ ਰਿਹਾ ਹੈ। ਇਹ ਸੈੱਸ ਪੈਟਰੋਲ ਅਤੇ ਹਾਈ ਸਪੀਡ ਡੀਜ਼ਲ 'ਤੇ ਲੱਗੇਗਾ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਵਿਧਾਨ ਸਭਾ ਵਿੱਚ ਹਿਮਾਚਲ ਪ੍ਰਦੇਸ਼ ਵੈਲਿਊ ਐਡਿਡ ਟੈਕਸ (ਸੋਧ) ਬਿੱਲ 2026 ਪੇਸ਼ ਕੀਤਾ। ਇਸ ਬਿੱਲ ਅਨੁਸਾਰ ਰਾਜ ਵਿੱਚ ਪਹਿਲੀ ਵਾਰ ਵਿਕਰੀ ਵੇਲੇ ਇਹ ਸੈੱਸ ਲਿਆ ਜਾਵੇਗਾ, ਭਾਵ ਜਦੋਂ ਆਇਲ ਮਾਰਕੀਟਿੰਗ ਕੰਪਨੀਆਂ ਡੀਲਰਾਂ ਨੂੰ ਬਾਲਣ ਵੇਚਦੀਆਂ ਹਨ।ਇਸ ਸੈੱਸ ਦੀ ਅਧਿਕਤਮ ਦਰ 5 ਰੁਪਏ ਪ੍ਰਤੀ ਲੀਟਰ ਤੱਕ ਹੋ ਸਕਦੀ ਹੈ। ਸਰਕਾਰ ਬਾਅਦ ਵਿੱਚ ਇਸ ਦੀ ਖਾਸ ਦਰ ਨੋਟੀਫਾਈ ਕਰੇਗੀ। ਇਸ ਨਾਲ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 5 ਰੁਪਏ ਤੱਕ ਵਾਧਾ ਹੋ ਸਕਦਾ ਹੈ, ਜੋ ਆਮ ਲੋਕਾਂ ਲਈ ਮਹਿੰਗਾਈ ਦਾ ਕਾਰਨ ਬਣ ਸਕਦਾ ਹੈ। ਇਹ ਪੂਰੀ ਤਰ੍ਹਾਂ ਨਵਾਂ ਟੈਕਸ ਹੈ ਅਤੇ ਇਸ ਨੂੰ ਅਨਾਥਾਂ ਤੇ ਵਿਧਵਾਵਾਂ ਦੀ ਭਲਾਈ ਲਈ ਵਰਤਿਆ ਜਾਵੇਗਾ।ਸਰਕਾਰ ਦਾ ਕਹਿਣਾ ਹੈ ਕਿ ਰਾਜ ਵਿੱਚ ਅਨਾਥਾਂ ਅਤੇ ਵਿਧਵਾਵਾਂ ਲਈ ਕਈ ਯੋਜਨਾਵਾਂ ਚੱਲ ਰਹੀਆਂ ਹਨ ਪਰ ਉਨ੍ਹਾਂ ਲਈ ਸਥਾਈ ਅਤੇ ਵਿਸ਼ੇਸ਼ ਫੰਡ ਨਹੀਂ ਹੈ। 'ਸੁਖ ਆਸ਼ਰਯ ਯੋਜਨਾ' ਅਧੀਨ ਲਗਭਗ 6000 ਅਨਾਥ ਬੱਚਿਆਂ ਨੂੰ ਸਿੱਖਿਆ, ਭੋਜਨ, ਰਿਹਾਇਸ਼ ਅਤੇ ਵੱਡੇ ਸ਼ਹਿਰਾਂ ਵਿੱਚ ਸੈਰ ਦਾ ਪ੍ਰਬੰਧ ਕੀਤਾ ਜਾਂਦਾ ਹੈ। ਵਿਧਵਾਵਾਂ ਲਈ ਵੀ ਵਿੱਤੀ ਮਦਦ ਮਿਲਦੀ ਹੈ, ਜਿਵੇਂ ਕਿ ਮਕਾਨ ਲਈ 3 ਲੱਖ ਰੁਪਏ ਦੀ ਸਹਾਇਤਾ। ਇਸ ਸੈੱਸ ਤੋਂ ਮਿਲਣ ਵਾਲੀ ਸਾਰੀ ਰਕਮ ਸਿੱਧੇ ਤੌਰ 'ਤੇ ਅਨਾਥ ਅਤੇ ਵਿਧਵਾ ਵੈਲਫੇਅਰ ਫੰਡ ਵਿੱਚ ਜਮ੍ਹਾ ਹੋਵੇਗੀ।

**Cee7 NEWS** ਪੰਜਾਬ ਸਰਕਾਰ ਵਿੱਚ ਅੱਜ ਇੱਕ ਵੱਡਾ ਰਾਜਨੀਤਕ ਹਲਚਲ ਮਚ ਗਈ

# ਲਾਲਜੀਤ ਸਿੰਘ ਭੁੱਲਰ ਨੇ ਮੰਤਰੀ ਅਹੁਦੇ ਤੋਂ ਦਿੱਤਾ ਅਸਤੀਫਾ

ਪੰਜਾਬ ਸਰਕਾਰ ਵਿੱਚ ਅੱਜ ਇੱਕ ਵੱਡਾ ਰਾਜਨੀਤਕ ਹਲਚਲ ਮਚ ਗਈ ਹੈ। ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਖਬਰ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਇਸ ਦਾ ਕਾਰਨ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਇੱਕ ਸੀਨੀਅਰ ਅਧਿਕਾਰੀ ਦੀ ਖੁਦਕੁਸ਼ੀ ਨਾਲ ਜੁੜਿਆ ਵਿਵਾਦ ਹੈ।

ਹੋਰ ਮੀਡੀਆ ਸੂਤਰਾਂ ਅਨੁਸਾਰ, ਅੰਮ੍ਰਿਤਸਰ ਵਿੱਚ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਨੇ ਖੁਦਕੁਸ਼ੀ ਕਰ ਲਈ ਸੀ। ਇਸ ਘਟਨਾ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਵੀਡੀਓ ਜਾਂ ਸੂਚਨਾ ਵਿੱਚ ਆਪਣੇ ਉੱਤੇ ਹੋ ਰਹੇ ਕਥਿਤ ਹਿਰਾਸਤ ਅਤੇ ਪ੍ਰੇਸ਼ਾਨੀ ਦਾ ਜ਼ਿਕਰ ਕੀਤਾ ਸੀ, ਜਿਸ ਵਿੱਚ ਲਾਲਜੀਤ ਭੁੱਲਰ ਦਾ ਨਾਂ ਵੀ ਸਾਹਮਣੇ ਆਇਆ। ਇਸ ਖੁਦਕੁਸ਼ੀ ਨੇ ਸਿਆਸੀ ਹਲਕੇ ਵਿੱਚ ਬਹੁਤ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਅਤੇ ਸਰਕਾਰ ਉੱਤੇ ਦਬਾਅ ਵਧ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਲਾਲਜੀਤ ਭੁੱਲਰ ਤੋਂ ਅਸਤੀਫਾ ਮੰਗ ਲਿਆ। ਸੂਤਰਾਂ ਮੁਤਾਬਕ, ਭਗਵੰਤ ਮਾਨ ਨੇ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਸੀ ਅਤੇ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ। ਲਾਲਜੀਤ ਭੁੱਲਰ ਪੱਟੀ (ਤਰਨ ਤਾਰਨ) ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ ਅਤੇ ਟਰਾਂਸਪੋਰਟ ਤੇ ਜੇਲ੍ਹ ਵਿਭਾਗਾਂ ਦੇ ਮੰਤਰੀ ਸਨ। ਉਨ੍ਹਾਂ ਨੇ ਆਪਣੇ ਖਿਲਾਫ ਲੱਗੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ ਪਰ ਮੁੱਖ ਮੰਤਰੀ ਨੇ ਸਾਫ਼ ਕਹਿ ਦਿੱਤਾ ਹੈ ਕਿ ਸਰਕਾਰ ਵਿੱਚ ਭ੍ਰਿਸ਼ਟਾਚਾਰ ਜਾਂ ਗਲਤ ਵਿਵਹਾਰ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਘਟਨਾ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਂ ਨੇ ਚੀਫ ਸੈਕਟਰੀ ਨੂੰ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਦੇ ਹੁਕਮ ਦਿੱਤੇ ਹਨ। ਜਾਂਚ ਵਿੱਚ ਇਹ ਵੇਖਿਆ ਜਾਵੇਗਾ ਕਿ ਖੁਦਕੁਸ਼ੀ ਪਿੱਛੇ ਕੀ ਕਾਰਨ ਸਨ, ਕੀ ਅਧਿਕਾਰੀ ਉੱਤੇ ਕੋਈ ਦਬਾਅ ਸੀ ਅਤੇ ਕੀ ਲਾਲਜੀਤ ਭੁੱਲਰ ਦੀ ਕੋਈ ਭੂਮਿਕਾ ਸੀ। ਜਾਂਚ ਰਿਪੋਰਟ ਆਉਣ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਬਾਰੇ ਫੈਸਲਾ ਲਿਆ ਜਾਵੇਗਾ।



ਇਸ ਨਾਲ ਆਮ ਆਦਮੀ ਪਾਰਟੀ ਨੇ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿੱਚ ਸਖ਼ਤ ਹਨ ਅਤੇ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ।ਲਾਲਜੀਤ ਭੁੱਲਰ ਦੇ ਅਸਤੀਫੇ ਤੋਂ ਬਾਅਦ ਹੁਣ ਪੰਜਾਬ ਕੈਬਨਿਟ ਵਿੱਚ ਬਦਲਾਅ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਕੁਝ ਸੂਤਰਾਂ ਅਨੁਸਾਰ ਨਵੇਂ ਮੰਤਰੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਵਿਭਾਗਾਂ ਦੀ ਵੰਡ ਵੀ ਬਦਲ ਸਕਦੀ ਹੈ। ਇਹ ਘਟਨਾ ਪੰਜਾਬ ਦੀ ਸਿਆਸਤ ਲਈ ਇੱਕ ਵੱਡਾ ਝਟਕਾ ਹੈ ਕਿਉਂਕਿ ਲਾਲਜੀਤ ਭੁੱਲਰ ਆਪ ਸਰਕਾਰ ਵਿੱਚ ਮਹੱਤਵਪੂਰਨ ਵਿਅਕਤੀ ਸਨ ਅਤੇ ਉਨ੍ਹਾਂ ਨੇ ਪਿਛਲੇ ਸਮੇਂ ਵਿੱਚ ਕਈ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਨੂੰ ਅੱਗੇ ਵਧਾਉਣ ਵਿੱਚ ਯੋਗਦਾਨ ਦਿੱਤਾ ਸੀ।

ਪਰ ਇਸ ਵੇਲੇ ਪੂਰਾ ਧਿਆਨ ਜਾਂਚ ਉੱਤੇ ਹੈ। ਜੇਕਰ ਜਾਂਚ ਵਿੱਚ ਕੋਈ ਗੰਭੀਰ ਗਲਤੀ ਸਾਹਮਣੇ ਆਉਂਦੀ ਹੈ ਤਾਂ ਇਸ ਦੇ ਵੱਡੇ ਸਿਆਸੀ ਨਤੀਜੇ ਨਿਕਲ ਸਕਦੇ ਹਨ। ਇਹ ਮਾਮਲਾ ਨਾ ਸਿਰਫ਼ ਇੱਕ ਮੰਤਰੀ ਦੇ ਅਸਤੀਫੇ ਤੱਕ ਸੀਮਤ ਹੈ ਸਗੋਂ ਸਰਕਾਰੀ ਅਧਿਕਾਰੀਆਂ ਦੀ ਸੁਰੱਖਿਆ ਅਤੇ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਦੇ ਮੁੱਦੇ ਨੂੰ ਵੀ ਉਠਾਉਂਦਾ ਹੈ। ਪੰਜਾਬ ਦੇ ਲੋਕ ਇਸ ਜਾਂਚ ਦੇ ਨਤੀਜੇ ਦੀ ਉਡੀਕ ਕਰ ਰਹੇ ਹਨ ਤਾਂ ਜੋ ਸੱਚ ਸਾਹਮਣੇ ਆ ਸਕੇ ਅਤੇ ਨਿਆਂ ਹੋ ਸਕੇ।

## ਅੱਜਕੱਲ੍ਹ ਵਿਦੇਸ਼ਾਂ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਹੈ



ਅੱਜਕੱਲ੍ਹ ਵਿਦੇਸ਼ਾਂ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਹੈ। ਬਹੁਤ ਸਾਰੇ ਲੋਕ ਨੌਕਰੀ, ਪੜ੍ਹਾਈ ਜਾਂ ਬਿਹਤਰ ਜੀਵਨ ਦੀ ਭਾਲ ਵਿੱਚ ਵਿਦੇਸ਼ ਜਾਂਦੇ ਹਨ, ਪਰ ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਉੱਥੇ ਫਸ ਜਾਂਦੇ ਹਨ। ਪਾਸਪੋਰਟ ਗੁਆਉਣਾ, ਵੀਜ਼ਾ ਖਤਮ ਹੋਣਾ, ਪੈਸੇ ਖਤਮ ਹੋਣਾ, ਬਿਮਾਰੀ ਜਾਂ ਹੋਰ ਮੁਸੀਬਤਾਂ ਕਾਰਨ ਉਹ ਘਰ ਵਾਪਸ ਨਹੀਂ ਆ ਸਕਦੇ। ਅਜਿਹੇ ਸਮੇਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਰੱਬ ਵਰਗੀ ਮਦਦ ਮਿਲ ਰਹੀ ਹੈ ਅਤੇ ਇਹ ਮਦਦ ਆ ਰਹੀ ਹੈ ਯੂਨਾਈਟਿਡ ਸਿੱਖਸ ਨਾਂ ਦੀ ਸੰਸਥਾ ਵੱਲੋਂ।

ਯੂਨਾਈਟਿਡ ਸਿੱਖਸ ਇੱਕ ਅੰਤਰਰਾਸ਼ਟਰੀ ਗੈਰ-ਲਾਭਕਾਰੀ ਸੰਸਥਾ ਹੈ ਜੋ ਸੰਯੁਕਤ ਰਾਸ਼ਟਰ ਨਾਲ ਜੁੜੀ ਹੋਈ ਹੈ। ਇਸ ਦਾ ਮੁੱਖ ਮਕਸਦ ਗਰੀਬਾਂ, ਪੀੜਤਾਂ ਅਤੇ ਮਜ਼ਲੂਮਾਂ ਦੀ ਮਦਦ ਕਰਨਾ ਹੈ। ਇਹ ਸੰਸਥਾ ਸਿੱਖੀ ਦੇ ਸਿਧਾਂਤਾਂ 'ਤੇ ਚੱਲਦੀ ਹੈ, ਜਿਸ ਵਿੱਚ ਸੇਵਾ, ਸਿਮਰਨ ਅਤੇ ਸੰਗਤ ਦੀ ਬਹੁਤ ਅਹਿਮੀਅਤ ਹੈ। ਇਸ ਨੇ ਵਿਦੇਸ਼ਾਂ ਵਿੱਚ ਫਸੇ ਪੰਜਾਬੀਆਂ ਅਤੇ ਸਿੱਖਾਂ ਲਈ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਲੋਕ ਇਸ ਨੂੰ "ਰੱਬ" ਕਹਿ ਰਹੇ ਹਨ ਕਿਉਂਕਿ ਇਹ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਮੁਸੀਬਤਾਂ ਵਿੱਚ ਮਦਦ ਕਰ ਰਹੀ ਹੈ।ਹਾਲ ਹੀ ਵਿੱਚ ਇੱਕ ਮਿਸਾਲ ਵਜੋਂ ਕਵਲਜੀਤ ਕੌਰ ਦਾ ਕੇਸ ਬਹੁਤ ਚਰਚਾ ਵਿੱਚ ਰਿਹਾ। ਕਵਲਜੀਤ ਕੌਰ ਯੂਕੇ ਵਿੱਚ ਫਸ ਗਈ ਸੀ। ਉਸ ਕੋਲ ਨਾ ਪਾਸਪੋਰਟ ਸੀ, ਨਾ ਫੋਨ ਅਤੇ ਨਾ ਹੀ ਕੋਈ ਸਹਾਰਾ। ਉਹ ਬਹੁਤ ਮੁਸੀਬਤ ਵਿੱਚ ਸੀ ਅਤੇ ਘਰ ਵਾਪਸ ਆਉਣਾ ਚਾਹੁੰਦੀ ਸੀ। ਜਦੋਂ ਉਸ ਨੇ ਯੂਨਾਈਟਿਡ ਸਿੱਖਸ ਨੂੰ ਸੰਪਰਕ ਕੀਤਾ ਤਾਂ ਸੰਸਥਾ ਨੇ ਤੁਰੰਤ ਮਦਦ ਕੀਤੀ। ਉਨ੍ਹਾਂ ਨੇ ਉਸ ਦੇ ਕਾਗਜ਼ ਬਣਵਾਏ, ਯਾਤਰਾ ਦਾ ਪ੍ਰਬੰਧ ਕੀਤਾ ਅਤੇ ਸੁਰੱਖਿਅਤ ਤਰੀਕੇ ਨਾਲ ਭਾਰਤ ਵਾਪਸ ਭੇਜਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਉਸ ਨੂੰ ਸਾਢੇ ਤਿੰਨ ਲੱਖ ਰੁਪਏ ਦੀ ਵਿੱਤੀ ਮਦਦ ਵੀ ਦਿੱਤੀ। ਇਹ ਮਦਦ ਉਸ ਲਈ ਬਹੁਤ ਵੱਡੀ ਰਾਹਤ ਸੀ।ਯੂਨਾਈਟਿਡ ਸਿੱਖਸ ਨੇ ਹਜ਼ਾਰਾਂ ਲੋਕਾਂ ਦੀ ਮਦਦ ਕੀਤੀ ਹੈ। ਯੂਕੇ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨੂੰ ਉਹ ਵੀਜ਼ਾ ਸਮੱਸਿਆਵਾਂ, ਕਾਨੂੰਨੀ ਮਦਦ, ਭੋਜਨ, ਰਿਹਾਇਸ਼ ਅਤੇ ਟਿਕਟਾਂ ਦਾ ਪ੍ਰਬੰਧ ਕਰਕੇ ਵਾਪਸ ਭੇਜਦੇ ਹਨ। ਬਹੁਤ ਸਾਰੇ ਲੋਕ ਜੋ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਵਿਦੇਸ਼ ਪਹੁੰਚੇ ਸਨ ਅਤੇ ਉੱਥੇ ਬੇਸਹਾਰਾ ਹੋ ਗਏ ਸਨ, ਉਨ੍ਹਾਂ ਨੂੰ ਇਸ ਸੰਸਥਾ ਨੇ ਨਵੀਂ ਜ਼ਿੰਦਗੀ ਦਿੱਤੀ। ਇੱਕ ਤਰ੍ਹਾਂ ਨਾਲ ਇਹ ਸੰਸਥਾ ਸਿੱਖੀ ਦੀ ਸੇਵਾ ਨੂੰ ਅਸਲੀ ਰੂਪ ਵਿੱਚ ਪੇਸ਼ ਕਰ ਰਹੀ ਹੈ।ਸੰਸਥਾ ਦੇ ਵਲੰਟੀਅਰ ਅਤੇ ਅਧਿਕਾਰੀ ਰਾਤ-ਦਿਨ ਇੱਕ ਕਰਕੇ ਮਦਦ ਕਰਦੇ ਹਨ।

# ਕੀ ਸਿਆਸਤਦਾਨਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਗੈਂਗਸਟਰਾਂ ਦੇ ਹਮਲਿਆਂ ਬਾਰੇ?

**ਪੰਜਾਬ** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਕੁਝ ਸਿਆਸਤਦਾਨਾਂ ਨੂੰ ਗੈਂਗਸਟਰਾਂ ਵੱਲੋਂ ਕੀਤੇ ਜਾਣ ਵਾਲੇ ਹਮਲਿਆਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ। ਉਨ੍ਹਾਂ ਨੇ ਇਹ ਦੋਸ਼ ਲਾਇਆ ਕਿ ਪਿਛਲੀਆਂ ਸਰਕਾਰਾਂ ਨੇ ਸਿਆਸੀ ਸਰਪਰਸਤੀ ਕਾਰਨ ਗੈਂਗਸਟਰ ਸਭਿਆਚਾਰ ਨੂੰ ਵਧਣ ਦਿੱਤਾ, ਜਿਸ ਨਾਲ ਅਪਰਾਧੀਆਂ ਨੂੰ ਬਿਨਾਂ ਡਰ ਦੇ ਕੰਮ ਕਰਨ ਦੀ ਛੁੱਟ ਮਿਲੀ।ਮੀਡੀਆ ਨਾਲ ਗੱਲਬਾਤ ਦੌਰਾਨ ਮਾਨ ਨੇ ਨਾਭਾ ਜੇਲ੍ਹ ਤੋੜਨ ਵਾਲੀ ਘਟਨਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਇਸ ਘਟਨਾ ਬਾਰੇ ਬਿਆਨ ਜਨਤਕ ਹੋਣ ਤੋਂ ਅੱਧੇ ਘੰਟੇ ਅੰਦਰ ਹੀ ਆ ਗਿਆ ਸੀ। ਵਿਅੰਗ ਕਰਦਿਆਂ ਉਨ੍ਹਾਂ ਨੇ ਕਿਹਾ, "ਜੇਕਰ ਘਟਨਾ ਵਿੱਚ ਦੇਰੀ ਹੋ ਜਾਂਦੀ ਤਾਂ ਸ਼ਾਇਦ ਬਿਆਨ ਜੇਲ੍ਹ ਟੁੱਟਣ ਤੋਂ ਪਹਿਲਾਂ ਹੀ ਆ ਜਾਂਦਾ।" ਇਸ ਨਾਲ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਕੁਝ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਦੀ ਪਹਿਲਾਂ ਖਬਰ ਹੁੰਦੀ ਹੈ।ਕੁਝ ਸਿਆਸਤਦਾਨਾਂ ਨੂੰ ਗੈਂਗਸਟਰਾਂ ਦੇ ਹਮਲਿਆਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ': CM ਮਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਸੂਬੇ ਵਿੱਚ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਅਤੇ ਸੰਕੇਤ ਦਿੱਤਾ ਕਿ ਕੁਝ ਆਗੂਆਂ ਨੂੰ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਸੂਬੇ ਵਿੱਚ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਅਤੇ ਸੰਕੇਤ ਦਿੱਤਾ ਕਿ ਕੁਝ ਆਗੂਆਂ ਨੂੰ ਕੁਝ ਅਪਰਾਧਿਕ ਘਟਨਾਵਾਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਮਾਨ ਨੇ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ



### ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ

ਦੌਰਾਨ ਸਿਆਸੀ ਸਰਪਰਸਤੀ ਕਾਰਨ ਗੈਂਗਸਟਰ ਸਭਿਆਚਾਰ ਵਧਿਆ-ਫੁੱਲਿਆ, ਜਿਸ ਨਾਲ ਅਪਰਾਧੀਆਂ ਨੂੰ ਬਿਨਾਂ ਕਿਸੇ ਡਰ ਦੇ ਕੰਮ ਕਰਨ ਦੀ ਇਜਾਜ਼ਤ ਮਿਲੀ। ਵਿਅੰਗ ਕਰਦਿਆਂ ਉਨ੍ਹਾਂ ਨੇ ਕਿਹਾ, "ਜੇਕਰ ਘਟਨਾ ਵਿੱਚ ਦੇਰੀ ਹੋ ਜਾਂਦੀ ਤਾਂ ਸ਼ਾਇਦ ਬਿਆਨ ਜੇਲ੍ਹ ਟੁੱਟਣ ਤੋਂ ਪਹਿਲਾਂ ਹੀ ਆ ਜਾਂਦਾ।" ਇਸ ਨਾਲ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਕੁਝ ਲੋਕਾਂ ਨੂੰ ਅਜਿਹੀਆਂ ਘਟਨਾਵਾਂ ਦੀ ਪਹਿਲਾਂ ਖਬਰ ਹੁੰਦੀ ਹੈ।

ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਗੈਂਗਸਟਰਵਾਦ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 'ਗੈਂਗਸਟਰਾਂ ਤੇ ਵਾਰ' ਵਰਗੀਆਂ ਮੁਹਿੰਮਾਂ ਰਾਹੀਂ ਪੰਜਾਬ ਪੁਲਿਸ ਨੇ ਸੰਗਠਿਤ ਅਪਰਾਧਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ ਅਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਸਿਆਸੀ ਲਾਭ ਲਈ ਅਪਰਾਧੀਆਂ ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ, ਪਰ ਹੁਣ ਅਜਿਹਾ ਨਹੀਂ ਹੋਵੇਗਾ।

ਕੁਝ ਸਿਆਸਤਦਾਨਾਂ ਨੂੰ ਗੈਂਗਸਟਰਾਂ ਦੇ ਹਮਲਿਆਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ': CM ਮਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਸੂਬੇ ਵਿੱਚ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਅਤੇ ਸੰਕੇਤ ਦਿੱਤਾ ਕਿ ਕੁਝ ਆਗੂਆਂ ਨੂੰ ਕੁਝ ਅਪਰਾਧਿਕ ਘਟਨਾਵਾਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ.. ਮੰਤਰੀ ਭਗਵੰਤ ਮਾਨ ਨੇ ਵਿਰੋਧੀ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ 'ਤੇ ਸੂਬੇ ਵਿੱਚ ਗੈਂਗਸਟਰਵਾਦ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾਇਆ ਅਤੇ ਸੰਕੇਤ ਦਿੱਤਾ ਕਿ ਕੁਝ ਆਗੂਆਂ ਨੂੰ ਕੁਝ ਅਪਰਾਧਿਕ ਘਟਨਾਵਾਂ ਬਾਰੇ ਪਹਿਲਾਂ ਹੀ ਜਾਣਕਾਰੀ ਹੋ ਸਕਦੀ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਮਾਨ ਨੇ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸਿਆਸੀ ਸਰਪਰਸਤੀ ਕਾਰਨ ਗੈਂਗਸਟਰ ਸਭਿਆਚਾਰ ਵਧਿਆ-ਫੁੱਲਿਆ, ਜਿਸ ਨਾਲ ਅਪਰਾਧੀਆਂ ਨੂੰ ਬਿਨਾਂ ਕਿਸੇ ਡਰ ਦੇ ਕੰਮ ਕਰਨ ਦੀ ਇਜਾਜ਼ਤ ਮਿਲੀ।ਇਹ ਬਿਆਨ ਪੰਜਾਬ ਵਿੱਚ ਚੱਲ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਸਿਆਸੀ ਖਿੱਚੋਤਾਣ ਦੇ ਵਿਚਕਾਰ ਆਇਆ ਹੈ। ਵਿਰੋਧੀ ਪਾਰਟੀਆਂ ਅਕਸਰ 'ਆਪ' ਇਹ ਬਿਆਨ ਪੰਜਾਬ ਵਿੱਚ ਚੱਲ ਰਹੀ ਕਾਨੂੰਨ ਵਿਵਸਥਾ ਨੂੰ ਲੈ ਕੇ ਸਿਆਸੀ ਖਿੱਚੋਤਾਣ ਦੇ ਵਿਚਕਾਰ ਆਇਆ ਹੈ। ਵਿਰੋਧੀ ਪਾਰਟੀਆਂ ਅਕਸਰ 'ਆਪ' ਸਰਕਾਰ 'ਤੇ ਗੈਂਗਸਟਰ ਗਤੀਵਿਧੀਆਂ ਅਤੇ ਫਿਰੌਤੀ ਵਧਣ ਦਾ ਦੋਸ਼ ਲਾਉਂਦੀਆਂ ਰਹੀਆਂ ਹਨ। ਪਰ ਮਾਨ ਨੇ ਜਵਾਬ ਵਿੱਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਿਨਾਂ ਕਿਸੇ ਸਿਆਸੀ ਦਖਲ ਦੇ ਹਰ ਸੁਰਾਗ 'ਤੇ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਪੁਲਿਸ ਦੀਆਂ ਕਾਰਵਾਈਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬ ਨੂੰ ਸੁਰੱਖਿਅਤ ਬਣਾਉਣ ਲਈ ਅਣਥੱਕ ਯਤਨ ਜਾਰੀ ਰਹਿਣਗੇ।

ਇਸ ਮੁੱਦੇ 'ਤੇ ਵਿਰੋਧੀ ਆਗੂਆਂ ਵੱਲੋਂ ਅਜੇ ਤੱਕ ਕੋਈ ਵੱਡਾ ਖੰਡਨ ਨਹੀਂ ਆਇਆ, ਪਰ ਸਿਆਸੀ ਬਹਿਸ ਜਾਰੀ ਹੈ। ਮਾਨ ਦਾ ਇਹ ਬਿਆਨ ਪੰਜਾਬ ਵਿੱਚ ਗੈਂਗਸਟਰਵਾਦ ਅਤੇ ਸਿਆਸੀ ਸੰਬੰਧਾਂ ਦੇ ਮਸਲੇ ਨੂੰ ਹੋਰ ਗਰਮਾ ਦਿੰਦਾ ਹੈ।ਸ਼ਨੀਵਾਰ ਦੁਪਹਿਰ ਤੱਕ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਦੇ ਇਨ੍ਹਾਂ ਦੋਸ਼ਾਂ 'ਤੇ ਕੋਈ ਪ੍ਰਤੀਕਿਰਿਆ ਜਾਂ ਖੰਡਨ ਜਾਰੀ ਨਹੀਂ ਕੀਤਾ ਹੈ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ 'ਗੈਂਗਸਟਰਾਂ ਤੇ ਵਾਰ' ਵਰਗੀਆਂ ਮੁਹਿੰਮਾਂ ਰਾਹੀਂ ਗੈਂਗਸਟਰਵਾਦ ਨੂੰ ਖਤਮ ਕਰਨ ਲਈ ਵਚਨਬੱਧ ਹੈ ਅਤੇ ਸੰਗਠਿਤ ਅਪਰਾਧ ਪ੍ਰਤੀ ਜ਼ੀਰੋ ਟਾਲਰੈਂਸ (ਬਿਲਕੁਲ ਬਰਦਾਸ਼ਤ ਨਾ ਕਰਨਾ) ਦੀ ਨੀਤੀ ਹੈ, ਜੋ ਕਿ ਪਿਛਲੀਆਂ ਸਰਕਾਰਾਂ ਦੇ ਉਲਟ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਸਿਆਸੀ ਲਾਭ ਲਈ ਅਜਿਹੇ ਅਨਸਰਾਂ ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ।

ਮਾਨ ਦੀਆਂ ਇਹ ਟਿੱਪਣੀਆਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਲੈ ਕੇ ਚੱਲ ਰਹੀ ਸਿਆਸੀ ਖਿੱਚੋਤਾਣ ਦਰਮਿਆਨ ਆਈਆਂ ਹਨ, ਜਿਸ ਵਿੱਚ ਵਿਰੋਧੀ ਪਾਰਟੀਆਂ ਅਕਸਰ 'ਆਪ' ਸਰਕਾਰ 'ਤੇ ਵਧ ਰਹੀਆਂ ਗੈਂਗਸਟਰ ਗਤੀਵਿਧੀਆਂ ਅਤੇ ਫਿਰੌਤੀ ਦੇ ਮਾਮਲਿਆਂ ਨੂੰ ਰੋਕਣ ਵਿੱਚ ਅਸਫਲ ਰਹਿਣ ਦੇ ਦੋਸ਼ ਲਾਉਂਦੀਆਂ ਰਹੀਆਂ ਹਨ।

## 23 ਮਾਰਚ ਸ਼ਹੀਦੀ ਦਿਹਾੜਾ ਸ. ਭਗਤ ਸਿੰਘ
## ਜਸਵੀਰ ਸ਼ਰਮਾ ਦੱਦਾਹੂਰ ਸ਼੍ਰੀ ਮੁਕਤਸਰ ਸਾਹਿਬ



ਭਗਤ ਸਿੰਘ ਜਿਹਾ ਸੂਰਾ ਮੁੜ ਕੇ ਕਦੀ ਵੀ ਜੰਮਣਾ ਨਹੀਂ,
ਜੀਹਨੇ ਹਲੂਣ ਹਲੂਣ ਕੇ ਜਨਤਾ ਸੁੱਤੀ ਜਗਾਈ!.
ਭਾਵੇਂ ਉਮਰ ਉਦੋਂ ਸੀ ਛੋਟੀ ਤੇਈ ਸਾਲਾਂ ਦੀ,
ਦੇਸ਼ ਦੀ ਖਾਤਰ ਫਾਂਸੀ ਚੁੰਮ ਸ਼ਹੀਦੀ ਪਾਈ।

ਗੋਰਿਆਂ ਲਈ ਸੀ ਓਹੋ ਮੌਤ ਫਰਿਸ਼ਤਾ ਬਣ ਆਇਆ,
ਸੁਖਦੇਵ ਰਾਜ ਗੁਰੂ ਦੇ ਨਾਲ ਸੀ ਯਾਰੀ ਲਾਈ।
ਤਿੰਨੋਂ ਯੋਧੇ ਸੀ ਜੋ ਦੇਸ਼ ਦੇ ਲਈ ਸ਼ਹੀਦ ਹੋਏ,
ਛੋਟੀਆਂ ਉਮਰਾਂ ਪਰ ਗੱਲ ਵੱਡੀ ਕਰ ਵਿਖਾਈ।

ਚਾਚੇ ਅਜੀਤ ਸਿੰਘ ਨੂੰ ਮਾਂਡਲੇ ਜੇਲ੍ਹ ਚ ਡੱਕਿਆ ਸੀ,
ਸੀ ਝੋਰਾ ਭਗਤ ਸਿੰਘ ਨੂੰ ਇਹੋ ਈਜਾਂਦਾ ਖਾਈ।
ਮੇਰਾ ਭਾਰਤ ਦੇਸ਼ ਅੰਗਰੇਜ਼ਾਂ ਕੋਲ ਗੁਲਾਮ ਹੋਇਆ,
ਜਵਾਨੀ ਕਾਹਦੀ ਹੈ ਜੋ ਦੇਸ਼ ਦੇ ਕੰਮ ਨਾ ਆਈ ।

ਗੁੜ੍ਹਤੀ ਘਰੋਂ ਮਿਲੀ ਸੀ ਦੇਸ਼ ਆਜ਼ਾਦ ਕਰਾਉਣ ਲਈ,
ਸਾਂਡਰਸ ਚਾੜ੍ਹਿਆ ਗੱਡੀ ਗੋਲੀ ਜਦੋਂ ਚਲਾਈ।
ਸਿਰ ਫਖਰ ਨਾਲ ਹੈ ਉੱਚਾ ਹੁੰਦਾ ਪੰਜਾਬੀਆਂ ਦਾ ,
ਤਿੰਨੋਂ ਸੂਰਮਿਆਂ ਨੇ ਲਾੜੀ ਮੌਤ ਵਿਆਹੀ।

ਤੇਈ ਮਾਰਚ ਨੂੰ ਅੱਜ ਸਿਜਦਾ ਓਹਨਾਂ ਨੂੰ ਕਰ ਲਈਏ,
ਦੱਦਾਹੂਰੀਏ ਸ਼ਰਮੇ ਦਿਲ ਦੀ ਗੱਲ ਸੁਣਾਈ।
ਜੋ ਕੌਮਾਂ ਭੁੱਲ ਜਾਂਦੀਆਂ ਆਪਣੇ ਅਣਖੀ ਯੋਧਿਆਂ ਨੂੰ,
ਨਾਮ ਉਹਨਾਂ ਦਾ ਮਿੱਟਜੇ, ਗੱਲ ਝੂਠ ਨਾ ਰਾਈ ,

ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਰੋਜ ਦਿਲਾ ਤੂੰ



ਰੋਜ ਦਿਲਾ ਤੂੰ ਜੀਦ੍ਹੇ ਲਈ ਅਰਦਾਸਾਂ ਕਰਦਾ ਏਂ,
ਤੇਰੀ ਵੀ ਉਹ ਕਦੇ ਤਾਂ ਸੁੱਖ ਮਨਾਉਂਦਾ ਹੋਵੇਗਾ।
ਦੂਰ ਕਦੇ ਨਾ ਹੁੰਦਾ ਜਿਹੜਾ ਤੇਰੇ ਚੇਤਿਆਂ ਚੋਂ,
ਤੇਰਾ ਚੇਤਾ ਵੀ ਤਾਂ ਉਸਨੂੰ ਆਉਂਦਾ ਹੋਵੇਗਾ।
ਤੇਰੀਆਂ ਲਿਖੀਆਂ ਜੋ ਕਵਿਤਾਵਾਂ ਉਹਦੇ ਕੋਲੇ ਨੇ,
ਕੱਲਾ ਬਹਿ ਉਹ ਕਦੇ ਤਾਂ ਗੁਣਗਣਾਉਂਦਾ ਹੋਵੇਗਾ।
ਤੇਰੀ ਦਿੱਤੀ ਪਿਆਰ ਨਿਸ਼ਾਨੀ ਸਾਂਭੀ ਹੋਵੇਗੀ,
ਕਦੇ ਤਾਂ ਉਸਨੂੰ ਚੁੰਮਕੇ ਸੀਨੇ ਲਾਉਂਦਾ ਹੋਵੇਗਾ।
ਜਦ ਸ਼ੀਸ਼ੇ ਦੇ ਮੂਹਰੇ ਖ਼ੁਦ ਨੂੰ ਤੱਕਦਾ ਹੋਣਾ ਉਹ,
ਅਕਸ ਲਾਜ਼ਮੀ ਤੇਰਾ ਸਾਹਮੇਂ ਆਉਂਦਾ ਹੋਵੇਗਾ।
ਅੰਤਿਮ ਸਾਹ ਤੱਕ ਤੂੰ ਉਹਦੀ ਵਡਿਆਈ ਕਰਨੀ ਏ,
ਤੈਨੂੰ ਵੀ ਉਹ ਕਦੇ ਕਿਤੇ ਵਡਿਆਉਂਦਾ ਹੋਵੇਗਾ।
ਲੱਖ ਵਸੀਲੇ ਕਰ ਵੇਖੇ ਉਹ ਤੈਨੂੰ ਭੁੱਲਣ ਦੇ,
ਭੁੱਲਣਾ ਨਹੀਂ ਉਹ ਭਾਵੇਂ ਰੋਜ ਭੁਲਾਉਂਦਾ ਹੋਵੇਗਾ।
ਤੂੰ ਵੀ ਉਹਦੀਆਂ ਅੱਖਾਂ ਮੂਹਰੇ ਘੁੰਮਦਾ ਹੋਵੇਂਗਾ,
ਜਦ ਹੋਰਾਂ ਸੰਗ ਮਿਲ ਉਹ ਜਸ਼ਨ ਮਨਾਉਂਦਾ ਹੋਵੇਗਾ।
ਤੇਰਾ ਕਦੇ ਭੁਲੇਖਾ ਉਸਨੂੰ ਪੈਂਦਾ ਹੋਣਾ ਏ,
ਜਦੋਂ ਪੁਰਾਣੇ ਰਾਹਵਾਂ ਚੋਂ ਉਹ ਆਉਂਦਾ ਹੋਵੇਗਾ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਮੱਛਰ - ਕਵਿਤਾ (ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।)



ਯਾਰੋ ਮੱਛਰ ਨੇ ਬਹੁਤ ਸਤਾਇਆ ਏ
ਇਹ ਅੱਖਾਂ ਦੇ ਵਿੱਚ ਪੈ ਕੇ ਰੜਕਦਾ,
ਜਿਵੇ ਮਿਰਚਾਂ ਦਾਂ ਬੁੱਕ ਪਾਇਆ ਏ।

ਫੇਰ ਅੱਖਾਂ ਦੇ ਵਿੱਚੋਂ ਪਾਣੀ ਨਿਕਲਦਾ,
ਜਿਵੇ ਹਾਕਮਾ ਅੱਥਰੂ ਗੈਸ ਚਲਾਇਆ ਏ।

ਮੋਟਰਸਾਈਕਲ ਦਾਂ ਹੈਂਡਲ ਡੋਲ ਜਾਂਦਾ,
ਜਿਵੇ ਦਾਰੂ ਦਾਂ ਪੈਂਗ ਲਾਇਆ ਏ।

ਜਾਲੀ ਤੇ ਐਨਕਾਂ ਘਰੇ ਭੁੱਲ ਜਾਦੀਆਂ
ਮਸਾਂ ਬਟੂਆ ਤੇ ਮੋਬਾਇਲ ਦਾ ਚੇਤਾ ਆਇਆ ਏ।

ਜਨਾਨੀਆਂ ਦੇ ਘੁੰਡ ਦੀ ਰਸਮ ਅਲੋਪ ਹੋਈ,
ਮੱਛਰ ਨੇ ਬੰਦਿਆਂ ਤੋਂ ਘੁੰਡ ਕਢਵਾਇਆ ਏ।

ਇਹ ਥੱਕਿਆ ਟੁੱਟਿਆ ਨੂੰ ਸਾਉਣ ਨਾਂ ਦੇਵੇ,
ਰਾਤ ਨੂੰ ਕੰਨਾਂ ਦੇ ਕੋਲ ਆ ਬੀਨ ਵਜਾਇਆ ਏ।

ਜਿੱਥੇ ਲੜਦਾ ਸਾੜ ਪਾਉਂਦਾ ਧੱਫੜ ਪੈਦੇ,
ਸਾਰੀ ਰਾਤ ਕੌਡੀ-ਬਾਡੀ ਖਡਾਇਆ ਏ।

ਨਾਂ ਇਹ ਲਿਖਣ ਦੇਵੇ,ਨਾਂ ਪੜ੍ਹਨ ਦੇਵੇ
ਬਥੇਰਾ ਤਾੜੀ ਮਾਰ,ਮਾਰ ਮੁਕਾਇਆ ਏ।

ਐਨੋਫਲਾਈਜ ਮੱਛਰ ਖਤਰਨਾਕ ਹੁੰਦਾ,
ਤਈਆ ਤੇ ਡੇਂਗੂ ਆਣ ਚੜ੍ਹਾਇਆ ਏ।

ਕਾਬਾ ਛਿੜਦਾ, ਦੰਦੋਂ ਅੜਿੱਕਾ ਵੱਜਦਾ,
ਪਲੇਟ ਸੈੱਲਾ ਨੂੰ ਆਣ ਘਟਾਇਆ ਏ।

ਕਮਜੋਰੀ ਆਉਂਦੀ, ਤੁਰਿਆ ਨਾ ਜਾਵੇ
ਬੱਕਰੀਆਂ ਦਾਂ ਦੁੱਧ ਪੰਜ ਸੌ ਰੁਪਏ ਤੋਂ ਟਪਾਇਆ ਏ।

ਇਹ ਸਾਰੀ ਧਰਤੀ ਤੇ ਮੱਛਰਿਆ ਫਿਰੇ,
ਇੱਕ ਦਮ ਕਿੱਥੋ ਨਿੱਕਲ ਆਇਆਂ ਏ।

ਸਾਰੀ ਧਰਤੀ ਤੇ ਆਂਡੇ ਕੌਣ ਦੇ ਗਿਆ,
ਇਹ ਕਿਹੜੀ ਮਾਂ ਦਾਂ ਜਾਇਆ ਏ।

ਸਾਰੀਆਂ ਫਸਲਾਂ ਦਾਂ ਰਸ ਚੂਸਦਾ,
ਕਣਕ ਸਰੋ ਨੂੰ ਤੇਲਾ ਆਣ ਪਾਇਆ ਏ।

ਛੇ ਮਹੀਨੇ ਇਸ ਦਾਂ ਪੂਰਾ ਰਾਜ ਚੱਲਦਾ,
ਮਲੇਰੀਏ ਨਾਲ ਮਰ ਗਿਆ ਮੇਰਾ ਤਾਇਆ ਏ।

ਇਹ ਨਾਂ ਕਿਸੇ ਰੱਬ,ਬਾਬੇ ਤੋਂ ਡਰਦਾ,
ਰੱਬ ਨੂੰ ਮੱਛਰਦਾਨੀਆਂ ਵਿੱਚ ਲੁਕਾਇਆ ਏ।

ਆਇਲ ਨਾਈਟ ਲਾਈਏ ਤਾਂ ਸਿਹਤ ਲਈ ਖਤਰਨਾਕ,
ਮੱਛਰ ਵਾਲੀ ਟਿਊਬ ਨੇ ਕੁੱਝ ਪਲ ਭਜਾਇਆ ਏ।

ਖਾਰੇ ਵਾਲਿਆਂ,

ਜਿਨਾਂ ਚਿਰ ਬਿਜਲੀ ਆਉਂਦੀ ਰਹੀ,
ਪੱਖੇ ਤੇ ਇਨਵੇਟਰ ਨੇ ਬਚਾਇਆ ਏ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।
9530579175

## ਇੱਕ ਪਲ, ਇੱਕ ਬਦਲਾਅ: ਹਰੀਸ਼ ਰਾਣਾ ਦੀ ਕਹਾਣੀ



ਇਹ ਇੱਕ ਪਿਤਾ, ਇੱਕ ਮਾਂ... ਅਤੇ ਉਨ੍ਹਾਂ ਦੇ ਪੁੱਤਰ ਦੀ ਕਹਾਣੀ ਹੈ।

2013 ਵਿੱਚ, ਹਰੀਸ਼ ਰਾਣਾ ਨਾਮ ਦਾ ਇੱਕ ਨੌਜਵਾਨ ਕਾਲਜ ਵਿਦਿਆਰਥੀ ਚੌਥੀ ਮੰਜ਼ਿਲ ਤੋਂ ਡਿੱਗ ਪਿਆ। ਇੱਕ ਪਲ ਉਹ ਸਿਰਫ਼ ਇੱਕ ਹੋਰ ਮੁੰਡਾ ਸੀ ਜਿਸਦੇ ਸੁਪਨੇ, ਪੜ੍ਹਾਈ ਅਤੇ ਉਸਦੇ ਅੱਗੇ ਇੱਕ ਭਵਿੱਖ ਸੀ। ਅਗਲੇ ਪਲ, ਸਭ ਕੁਝ ਬਦਲ ਗਿਆ। ਡਿੱਗਣ ਨਾਲ ਦਿਮਾਗ ਵਿੱਚ ਗੰਭੀਰ ਸੱਟ ਲੱਗ ਗਈ, ਅਤੇ ਉਸ ਦਿਨ ਤੋਂ ਬਾਅਦ, ਹਰੀਸ਼ ਬੇਹੋਸ਼ ਹਾਲਤ ਵਿੱਚ ਰਿਹਾ।

ਉਹ ਬੋਲ ਨਹੀਂ ਸਕਦਾ ਸੀ।

ਉਹ ਹਿੱਲ ਨਹੀਂ ਸਕਦਾ ਸੀ।

ਉਹ ਜਵਾਬ ਨਹੀਂ ਦੇ ਸਕਦਾ ਸੀ।

ਪਰ ਉਸਦੇ ਮਾਪਿਆਂ ਨੇ ਕਦੇ ਵੀ ਇਹ ਵਿਸ਼ਵਾਸ ਕਰਨਾ ਨਹੀਂ ਛੱਡਿਆ ਕਿ ਉਹ ਵਾਪਸ ਆ ਸਕਦਾ ਹੈ।

13 ਸਾਲਾਂ ਤੱਕ, ਉਸਦੇ ਪਿਤਾ ਅਸ਼ੋਕ ਰਾਣਾ ਅਤੇ ਉਸਦੀ ਮਾਂ ਆਪਣੇ ਪੁੱਤਰ ਦੇ ਬਿਸਤਰੇ ਦੇ ਕੋਲ ਰਹਿੰਦੇ ਸਨ। ਹਰ ਦਿਨ ਉਹੀ ਰੁਟੀਨ ਸੀ। ਉਸਨੂੰ ਟਿਊਬਾਂ ਰਾਹੀਂ ਖਾਣਾ ਖੁਆਉਣਾ, ਉਸਨੂੰ ਸਾਫ਼ ਕਰਨਾ, ਉਸਦੇ ਸਰੀਰ ਨੂੰ ਮੋੜਨਾ ਤਾਂ ਜੋ ਉਸਨੂੰ ਜ਼ਖ਼ਮ ਨਾ ਹੋਣ, ਅਤੇ ਉਸਦੇ ਕੋਲ ਘੰਟਿਆਂ ਬੱਧੀ ਬੈਠ ਕੇ ਕਿਸੇ ਚਮਤਕਾਰ ਦੀ ਉਮੀਦ ਕਰਨੀ।

ਕਲਪਨਾ ਕਰੋ ਕਿ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਹਰ ਰੋਜ਼ ਜਾਗਦੇ ਹੋਏ ਅਤੇ ਤੁਸੀਂ ਜੋ ਪਹਿਲੀ ਚੀਜ਼ ਦੇਖਦੇ ਹੋ ਉਹ ਹੈ ਤੁਹਾਡਾ ਬੱਚਾ ਉੱਥੇ ਪਿਆ ਹੋਇਆ ਹੈ... ਚੁੱਪ... ਗਤੀਹੀਣ... ਫਿਰ ਵੀ ਅਜੇ ਵੀ ਤੁਹਾਡਾ ਹੈ।

ਉਨ੍ਹਾਂ ਨੇ ਇੰਤਜ਼ਾਰ ਕੀਤਾ।

ਉਨ੍ਹਾਂ ਨੇ ਉਮੀਦ ਕੀਤੀ।

ਉਨ੍ਹਾਂ ਨੇ ਪ੍ਰਾਰਥਨਾ ਕੀਤੀ।

ਪਰ ਚਮਤਕਾਰ ਕਦੇ ਨਹੀਂ ਆਇਆ।

ਕਹਾਣੀ ਨੂੰ ਹੋਰ ਵੀ ਦਿਲ ਦਹਿਲਾਉਣ ਵਾਲੀ ਗੱਲ ਪਿਤਾ ਦੀ ਸਥਿਤੀ ਸੀ। ਅਸ਼ੋਕ ਰਾਣਾ ਲਗਭਗ ₹3500 ਪ੍ਰਤੀ ਮਹੀਨਾ ਦੀ ਪੈਨਸ਼ਨ 'ਤੇ ਜੀਉਂਦਾ ਹੈ, ਫਿਰ ਵੀ ਉਸਦੇ ਪੁੱਤਰ ਦੇ ਇਲਾਜ ਅਤੇ ਦੇਖਭਾਲ 'ਤੇ ਇਸ ਤੋਂ ਕਈ ਗੁਣਾ ਜ਼ਿਆਦਾ ਖਰਚਾ ਆਉਂਦਾ ਹੈ। ਫਿਰ ਵੀ, ਉਸਨੇ ਕਦੇ ਹਾਰ ਨਹੀਂ ਮੰਨੀ। ਉਸਨੇ ਕਦੇ ਨਹੀਂ ਕਿਹਾ ਕਿ ਇਹ ਬਹੁਤ ਜ਼ਿਆਦਾ ਹੈ।

ਕਿਉਂਕਿ ਜਦੋਂ ਬੱਚੇ ਦੀ ਗੱਲ ਆਉਂਦੀ ਹੈ, ਤਾਂ ਮਾਪੇ ਖਰਚਿਆਂ ਦਾ ਹਿਸਾਬ ਨਹੀਂ ਲਗਾਉਂਦੇ... ਉਹ ਸਿਰਫ ਪਿਆਰ ਨੂੰ ਮਾਪਦੇ ਹਨ।

ਇੱਕ ਪਿਤਾ ਅਤੇ ਪੁੱਤਰ ਇੱਕ ਅਜਿਹਾ ਬੰਧਨ ਸਾਂਝਾ ਕਰਦੇ ਹਨ ਜਿਸਨੂੰ ਸਮਝਾਉਣਾ ਔਖਾ ਹੁੰਦਾ ਹੈ। ਇੱਕ ਪਿਤਾ ਹਮੇਸ਼ਾ "ਮੈਂ ਤੁਹਾਨੂੰ ਪਿਆਰ ਕਰਦਾ ਹਾਂ" ਨਹੀਂ ਕਹਿੰਦਾ, ਪਰ ਉਹ ਇਸਨੂੰ ਉਹਨਾਂ ਕੁਰਬਾਨੀਆਂ ਵਿੱਚ ਦਰਸਾਉਂਦਾ ਹੈ ਜੋ ਉਹ ਚੁੱਪਚਾਪ ਕਰਦਾ ਹੈ।

ਅਸ਼ੋਕ ਰਾਣਾ ਲਈ, ਹਰੀਸ਼ ਕਦੇ ਵੀ ਹਸਪਤਾਲ ਦੇ ਬਿਸਤਰੇ 'ਤੇ ਸਿਰਫ਼ ਇੱਕ ਮਰੀਜ਼ ਨਹੀਂ ਸੀ। ਉਹ ਉਹੀ ਮੁੰਡਾ ਸੀ ਜਿਸ ਨੂੰ ਉਸਨੇ ਕਦੇ ਆਪਣੀਆਂ ਬਾਹਾਂ ਵਿੱਚ ਲਿਆ ਸੀ, ਉਹੀ ਬੱਚਾ ਜਿਸਦੇ ਭਵਿੱਖ ਦਾ ਉਸਨੇ ਸੁਪਨਾ ਦੇਖਿਆ ਸੀ।

ਪਰ 13 ਸਾਲਾਂ ਬਾਅਦ, ਡਾਕਟਰਾਂ ਨੇ ਅੰਤ ਵਿੱਚ ਪਰਿਵਾਰ ਨੂੰ ਉਹ ਗੱਲ ਦੱਸੀ ਜਿਸ ਤੋਂ ਉਹ ਪਹਿਲਾਂ ਹੀ ਡਰਦੇ ਸਨ।

ਠੀਕ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ।

ਹਰੀਸ਼ ਦਾ ਸਰੀਰ ਸਿਰਫ਼ ਡਾਕਟਰੀ ਸਹਾਇਤਾ ਕਾਰਨ ਹੀ ਬਚ ਰਿਹਾ ਸੀ।

ਅਤੇ ਫਿਰ ਉਹ ਪਲ ਆਇਆ ਜੋ ਕਦੇ ਕਿਸੇ ਮਾਂ ਬਾਪ ਦੀ ਜ਼ਿੰਦਗੀ ਵਿੱਚ ਨਾ ਆਵੇ.

ਅਸ਼ੋਕ ਰਾਣਾ ਨੂੰ ਭਾਰਤ ਦੀ ਸੁਪਰੀਮ ਕੋਰਟ ਜਾਣਾ ਪਿਆ ਅਤੇ ਆਪਣੇ ਪੁੱਤਰ ਨੂੰ ਮੌਤ ਦੇਣ ਦੀ ਇਜਾਜ਼ਤ ਮੰਗਣੀ ਪਈ।

ਇਸ ਬਾਰੇ ਇੱਕ ਸਕਿੰਟ ਲਈ ਸੋਚੋ।

ਇੱਕ ਪਿਤਾ ਜਿਸਨੇ 13 ਸਾਲ ਆਪਣੇ ਬੱਚੇ ਲਈ ਲੜਦੇ ਹੋਏ ਬਿਤਾਏ... ਅਦਾਲਤ ਵਿੱਚ ਖੜ੍ਹੇ ਹੋ ਕੇ... ਪੁੱਛਦੇ ਹੋਏ ਕਿ ਕੀ ਆਖਰਕਾਰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ।

ਅਦਾਲਤ ਨੇ ਆਖਰਕਾਰ ਪੈਸਿਵ ਯੁਥੇਨੇਸੀਆ ਲਈ ਇਜਾਜ਼ਤ ਦੇ ਦਿੱਤੀ। ਹੁਣ, 32 ਸਾਲ ਦੀ ਉਮਰ ਵਿੱਚ, ਹਰੀਸ਼ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰ ਹੌਲੀ-ਹੌਲੀ ਜੀਵਨ-ਸਹਾਇਤਾ ਪ੍ਰਣਾਲੀਆਂ ਨੂੰ ਵਾਪਸ ਲੈ ਲੈਣਗੇ ਜਿਨ੍ਹਾਂ ਨੇ ਉਸਨੂੰ ਇੰਨੇ ਸਾਲਾਂ ਤੋਂ ਜ਼ਿੰਦਾ ਰੱਖਿਆ ਹੈ। ਉਸ ਪਲ ਤੋਂ, ਉਸਦਾ ਸਰੀਰ ਸਿਰਫ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕੁਦਰਤ ਆਗਿਆ ਦਿੰਦੀ ਹੈ।

ਪਰ ਇਸ ਦਿਲ ਦਹਿਲਾਉਣ ਵਾਲੇ ਪਲ ਵਿੱਚ ਵੀ, ਪਰਿਵਾਰ ਨੇ ਕੁਝ ਅਸਾਧਾਰਨ ਦਿਖਾਇਆ।

ਉਨ੍ਹਾਂ ਨੇ ਫੈਸਲਾ ਕੀਤਾ ਕਿ ਹਰੀਸ਼ ਦੇ ਅੰਗ ਦਾਨ ਕਰ ਦਿੱਤੇ ਜਾਣ, ਤਾਂ ਜੋ ਭਾਵੇਂ ਉਨ੍ਹਾਂ ਦੇ ਪੁੱਤਰ ਦੀ ਜ਼ਿੰਦਗੀ ਖਤਮ ਹੋ ਜਾਵੇ, ਪਰ ਕਿਸੇ ਹੋਰ ਨੂੰ ਜਿਉਣ ਦਾ ਮੌਕਾ ਮਿਲ ਸਕੇ।

ਇਹ ਹੈ ਮਾਂ ਬਾਪ ਦਾ ਦਿਲ। ਉਹ ਚਾਹੁੰਦੇ ਹਨ ਕਿ ਉਹਨਾਂ ਦਾ ਪੁੱਤਰ ਜਾਂਦੇ ਹੋਏ ਵੀ ਕਈਆਂ ਨੂੰ ਜ਼ਿੰਦਗੀ ਦੇ ਕੇ ਜਾਵੇ।

ਪਰ ਸੋਚੋ ਉਹਨਾਂ ਮਾਂ ਬਾਪ ਲਈ ਇਹ ਪਲ ਕਿੰਨੇ ਔਖੇ ਰਹੇ ਹੋਣਗੇ ਜਦੋਂ ਉਹ ਆਪਣੇ ਪੁੱਤਰ ਲਈ ਮੌਤ ਮੰਗਦੇ ਹੋਣਗੇ। ਕਿੰਨੀ ਉਮੀਦ ਨਾਲ 13 ਸਾਲ ਉਹਨਾਂ ਨੇ ਬਤਾਏ ਆਪਣੇ ਪੁੱਤਰ ਨੂੰ ਮੰਜੇ ਤੇ ਪਏ ਵੇਖਦਿਆਂ। ਕਿੰਨੀ ਵਾਰ ਉਮੀਦ ਬੱਝੀ ਕਿੰਨੀ ਵਾਰ ਟੁੱਟੀ ਹੋਵੇਗੀ।

ਰੱਬ ਅਜਿਹਾ ਕਿਸੇ ਨਾਲ ਨਾ ਕਰੇ। ਮਾਂ ਬਾਪ ਲਈ ਪਲ ਨਹੀਂ ਹੋ ਸਕਦਾ। ਉਹਨੇ ਵੀ ਦੁੱਖ ਨੂੰ ਸਮਝਣਾ ਵੀ ਸਾਡੇ ਲਈ ਮੁਸ਼ਕਿਲ ਹੈ।

ਹਰੀਸ਼ ਨੂੰ ਏਮਸ ਵਿੱਚ ਭਰਤੀ ਕਰਵਾਇਆ ਜਾ ਚੁੱਕਾ ਹੈ। ਉਸ ਨੂੰ ਭੋਜਨ ਦੇਣਾ ਬੰਦ ਕੀਤਾ ਗਿਆ ਹੈ। ਮੰਗਲਵਾਰ ਤੋਂ ਉਸ ਨੂੰ ਪਾਣੀ ਦੇਣਾ ਵੀ ਬੰਦ ਕਰ ਦਿੱਤਾ ਗਿਆ ਹੈ। ਹੌਲੀ ਹੌਲੀ ਉਸਦਾ ਲਾਈਵ ਸਪੋਰਟ ਸਿਸਟਮ ਹਟਾਇਆ ਜਾਏਗਾ। ਇਸ ਸਮੇਂ ਦੌਰਾਨ ਡਾਕਟਰ ਇਸ ਗੱਲ ਦਾ ਧਿਆਨ ਰੱਖਣਗੇ ਕਿ ਉਸਨੂੰ ਕਿਸੇ ਕਿਸਮ ਦੀ ਦਰਦ ਨਾ ਹੋਵੇ। ਡਾਕਟਰਾਂ ਦੀ ਟੀਮ ਉਸਦੀ ਪੂਰੀ ਦੇਖਭਾਲ ਕਰ ਰਹੀ ਹੈ।

ਉਸ ਦੇ ਮਾਤਾ ਪਿਤਾ ਨੇ ਹੁਣ ਉਸ ਨੂੰ ਇਹ ਕਿਹਾ ਹੈ "ਹੁਣ ਆਰਾਮ ਕਰ, ਪੁੱਤਰ। ਤੂੰ ਕਾਫ਼ੀ ਲੜਿਆ ਹੈਂ।"

ਲੇਖਕ : ਹਰਪ੍ਰੀਤ ਕੌਰ ਸੰਧੂ।

## ਉਦਾਸ ਵਕਤਾਂ ਦੀ ਨਜ਼ਮ



ਜੀ ਬੜਾ ਕਰਦਾ ਹੈ
ਰੱਜ ਕੇ ਰੋ ਲਈਏ
ਕਿ ਮਨ ਦੀ ਗ਼ਰਦ ਨੂੰ
ਹੰਝੂਆਂ ਨਾਲ ਧੋ ਲਈਏ
ਸਫ਼ਰ ਇਹ ਮੁੱਕ ਜਾਵੇ
ਹੌਂਸਲਾ ਟੁੱਟਣ ਤੋਂ ਪਹਿਲਾਂ
ਨਬੇੜਾ ਹੋ ਜਾਵੇ ਤਾਂ
ਬੇਫ਼ਿਕਰੀ ਨਾਲ ਸੌਂ ਲਈਏ
ਕਦੇ ਤਾਂ ਖ਼ਤ ਮਿਲੇ ਐਸਾ
ਕਿ ਪੜ੍ਹਦਿਆਂ ਸਾਰ ਹੀ
ਚਿਹਰੇ ਦੀ ਖ਼ੁਸ਼ੀ ਨੂੰ ਮਨ ਅੰਦਰ
ਕਿਤੇ ਲੁਕੋ ਲਈਏ
ਤਾਰਿਆਂ ਨੇ ਪਾਈ ਬਾਤ ਜੋ
ਅਸਾਂ ਤੋਂ ਬੁੱਝ ਨਾ ਹੋਈ
ਤੇ ਹੁਣ ਨ੍ਹੇਰੀਆਂ ਰਾਤਾਂ ਤੋਂ
ਮਜ਼ਬੂਨ ਦੀ ਕਨਸੋ ਲਈਏ
ਅਸਾਡੇ ਖੰਭ ਸੜ ਗਏ ਨੇ
ਉਡਾਰੀ ਤੋਂ ਜ਼ਰਾ ਪਹਿਲਾਂ
ਇਸ ਬੇਚਾਰਗੀ ਤੋਂ ਕਿਵੇਂ
ਆਪਣਾ ਚਿਹਰਾ ਲੁਕੋ ਲਈਏ
#ਹਰਮੀਤਵਿਦਿਆਰਥੀ

## ਵਿਸ਼ਵ ਕਵਿਤਾ ਦਿਵਸ ਤੇ



ਚੁੱਕੀ ਕਲਮ
ਨਾਲ ਸਿਆਹੀ
ਕਵਿਤਾ ਇੱਕ
ਸੀ ਬਣਾਈ।
ਮੇਰੀ ਜਿੰਦਗੀ ਦੇ
ਅਨਮੋਲ ਪੰਨੇ
ਉੱਕਰੇ ਅੱਖਰ
ਇਲਾਹੀ।
ਸੱਜਣ ਦੀਆਂ
ਪੈੜਾਂ ਵਰਗੇ
ਚੋਜ ਰੰਗਲੇ
ਸੀ ਸ਼ਾਹੀ।
ਮੁਹੱਬਤ ਵਾਲੀ
ਗਲੀ ਵਿੱਚ
ਮਿਲਿਆ ਸੋਹਣਾ
ਜਿਹਾ ਮਾਹੀ।
ਗੀਤ ਠੰਡੀ
ਹਵਾ ਸੀ ਵਰਗਾ
ਅੱਜ ਕੱਲ ਤਪਸ਼
ਹੈ ਮਚਾਈ।
ਪੌਣ ਪੁਰੇ ਦੀ
ਠੰਡ ਸੀ ਪਸਾਰੇ
ਮਾਣਦੀ ਹਰ ਕਲਮ
ਬਣਦਾ ਜੋ ਰਾਹੀ।
ਵਿਰਲੇ ਜਿਹੇ
ਟਿੱਬਿਆਂ ਚ
ਅੱਜ ਕੱਲ ਮੱਚੀ
ਹੈ ਤਬਾਹੀ।
ਕਵਿਤਾ ਮੇਰੀ
ਖੁਰਾਕ ਲੱਗਦੀ
ਦਿਨ ਰਾਤ
ਸੀ ਮੈਂ ਖਾਈ।
ਕਵਿਤਾ ਅਣਖੀ
ਯੋਧਿਆਂ ਵਰਗੀ
ਜਿਸ ਲਈ ਮੈਂ
ਜਿੰਦ ਲੁਟਾਈ।
ਸੱਜੇ ਖੱਬੇ ਮੇਰੇ
ਕਵਿਤਾ ਹੋਏ
ਦੁਨੀਆਂ ਮੈਨੂੰ
ਜਾਵੇ ਭੁਲਾਈ।

ਰਮਨਦੀਪ ਕੌਰ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਗੋਰੇ ਤਾਂ ਚਲੇ ਗਏ



ਗੋਰੇ ਤਾਂ ਚਲੇ ਗਏ, ਪਰ ਨਫ਼ਰਤ ਦੇ ਬੀਜ਼ ਖਿੰਡਾ ਗਏ
ਦੇਖ ਵੀਰ ਭਗਤ ਸਿੰਘਾ, ਦੇਸ਼ ਵਿੱਚ ਲੀਕ ਖ਼ੂਨ ਦੀ ਵਾਹ ਗਏ
ਇਹ ਖੇਡ ਸਿਆਸਤਾਂ ਗਏ, ਲੱਖਾਂ ਲੋਕ ਸ਼ਹੀਦ ਕਰਾ ਗਏ
ਬੇਘਰ ਕੀਤੇ ਲੋਕੀ,ਟਹਿਕਦੇ ਫੁੱਲ ਕਈ ਮੁਰਝਾ ਗਏ
ਗੋਰੇ ਤਾਂ ਚਲੇ ਗਏ

ਸੂਰੇ ਤਾਂ ਪੂਰੇ ਹੀ ਸੀ, ਜਿਨ੍ਹਾਂ ਨੂੰ ਫਾਂਸੀ ਤੇ ਲਟਕਾਇਆ
ਉਨ੍ਹਾਂ ਬੀਜ ਕ੍ਰਾਂਤੀ ਨੂੰ, ਲੱਖਾਂ ਦਿਲਾਂ ਦੇ ਵਿੱਚ ਉਗਾਇਆ
ਬੰਨ੍ਹ ਗਾਨੇ ਸ਼ਗਨਾਂ ਦੇ,ਲਾੜੀ ਮੌਤ ਨੂੰ ਆਪ ਵਿਆਹਿਆ
ਪ੍ਰਣਾਮ ਸ਼ਹੀਦਾਂ ਨੂੰ,ਸਾਡੇ ਲਈ ਆਪਣਾ ਆਪ ਗਵਾ ਗਏ
ਗੋਰੇ ਤਾਂ ਚਲੇ ਗਏ

ਭਾਵੇਂ ਘੋਲ ਅਜ਼ਾਦੀ ਵਿੱਚ, ਲੱਖਾਂ ਲੋਕਾਂ ਹਿੱਸਾ ਪਾਇਆ
ਕੁਝ ਟਾਂਵੇ ਨੇਤਾਵਾਂ, ਆਪਣੇ ਨਾਮ ਇਹ ਘੋਲ ਕਰਾਇਆ
ਤੁੱਛ ਲਾਲਚ ਖਾਤਰ ਹੀ,ਭਾਰਤ ਮਾਂ ਨਾਲ ਦਗਾ ਕਮਾਇਆ
ਕਾਹਦੇ ਜਸ਼ਨ ਅਜ਼ਾਦੀ ਦੇ,ਘਰ ਘਰ ਰੋਣੇ ਜਿਹੜੇ ਪਵਾ ਗਏ
ਗੋਰੇ ਤਾਂ ਚਲੇ ਗਏ

ਕੀਤੀ ਜੋ ਰਾਖ਼ੀ ਲਈ ,ਵਾੜ ਉਹ ਖੇਤ ਅਸਾਡੇ ਖਾ ਗਈ
ਕਦੇ ਆ ਕੇ ਵੇਖੀਂ ਤੂੰ, ਕੀ ਕੀ ਨਵੇਂ ਇਹ ਚੰਦ ਚੜ੍ਹਾ ਗਈ
ਕਹਿੰਦੇ ਨੇ ਲੋਕਤੰਤਰ,ਪਰ ਇਹ ਤਾਨਾਸ਼ਾਹੀ ਚਲਾ ਗਈ
ਵਿੱਚ ਆੜ ਵਿਕਾਸਾਂ ਦੀ, ਲਾਲੋ ਨੂੰ ਅੱਜ ਭਾਗੋ ਖਾ ਗਏ
ਗੋਰੇ ਤਾਂ ਚਲੇ ਗਏ

ਰਜ਼ਨੀਸ਼ ਕੌਰ "ਬਬਲੀ"।

## ਛੂਹ ਕੇ ਨਿਕਲੀ ਤਰੰਗ



ਛੂਹ ਕੇ ਨਿਕਲੀ ਤਰੰਗ
ਤੇ ਘੁਲ ਗਈ ਜਾ ਕੇ ਬੱਦਲਾਂ ਦੇ ਸੰਗ
ਮੈਂ ਪ੍ਰਿਥਵੀ ਦੇ ਨਸ਼ਿਆਉਣ ਬਾਰੇ ਸੋਚ ਰਹੀ ਹਾਂ
ਮੈਂ ਸੋਚ ਰਹੀ ਹਾਂ ਸੁਨਾਮੀ ਬਾਰੇ
ਕੀ ਉਹ ਵੀ ਮਦਹੋਸ਼ੀ ਹੈ?
ਪ੍ਰਿਥਵੀ ਦਾ ਗਰਭ ਵੀ ਤਾਂ ਭਰਦਾ ਹੋਣਾ
ਆਸਾਂ ਦੇ ਬੋਹਲ਼ਾਂ ਨਾਲ਼
ਖਿੱਚ ਲਾਜ਼ਮੀ ਏ!
ਉਹੀ ਤਰੰਗ ਮੁੜ ਆਈ
ਮੈਨੂੰ ਪਿੱਛਿਓਂ ਕਲਾਵੇ 'ਚ ਲੈ ਕੇ
ਬੋਲੀ 'ਤੇ ਚੁੰਮਿਆ
ਮੇਰੇ ਨੈਣਾਂ ਦੇ ਕੋਏ ਸਿੰਮੇ...ਛੋਟੀ ਜਿਹੀ ਸੁਨਾਮੀ ਨਾਲ਼
ਹੁਣ ਮੈਂ ਤੇ ਪ੍ਰਿਥਵੀ ਇੱਕ ਹਾਂ...
ਜਾਣੂ ਹਾਂ ਅਣਕਹੀਆਂ ਤੋਂ
ਅਭੇਦ ਤੋਂ
ਖੁੱਲ੍ਹੇ ਅਸਮਾਨਾਂ ਵੱਲ ਤੱਕਦਿਆਂ
ਇਸ਼ਕ ਦੇ ਬੁੰਗਿਆਂ ਨੂੰ
ਨਤਮਸਤਕ ਹਾਂ... ਮੁਹੱਬਤੀ ਸੁਨਾਮੀਆਂ ਨਾਲ਼
ਜਸ ਜੀਤ

## ਉਹਦੇ ਮੇਰੇ ਤੇ ਕਰਜ਼ ਬੜੇ ਨੇ



ਉਹਦੇ ਮੇਰੇ ਤੇ ਕਰਜ਼ ਬੜੇ ਨੇ,
ਮੇਰੇ ਵੀ ਤਾਂ ਫ਼ਰਜ਼ ਬੜੇ ਨੇ,

ਆਖਾਂ ਕੀ ਉਹਦੀਆਂ ਗ਼ਜ਼ਲਾਂ ਬਾਰੇ,
ਦਿਲ ਨੂੰ ਛੂਹਦੇਂ ਤਰਜ਼ ਬੜੇ ਨੇ ,

ਮੈਥੋਂ ਹਾਂ 'ਚ ਹਾਂ ਨਾ ਹੋਈ,,
ਉਹਨੇ ਕੀਤੇ ਅਰਜ਼ ਬੜੇ ਨੇ,

ਕੀ ਸਿਫ਼ਤ ਕਰਾਂ ਉਹਦੇ ਸਬਰਾਂ ਦੀ,
ਸਿਫ਼ਤਾਂ ਚ ਵੀ ਸ਼ਬਦ ਅੜੇ ਨੇ ,

ਉਹ ਮੰਨ ਬੈਠੀ ਖ਼ੁਦਾ ਮੈਨੂੰ,
ਜਜ਼ਬਾਤਾਂ ਅੱਗੇ ਹਾਲਾਤ ਖੜੇ ਨੇ,

ਲੇਖਾਂ ਤੇ ਕੋਈ ਯਕੀਨ ਨਾ ਮੈਨੂੰ,
ਹਿਜਰਾਂ ਚ ਦੋ ਦਿਲ ਸੜੇ ਨੇ,

ਯਾਰੀ ਪੈ ਗਈ ਹੰਝੂਆਂ ਨਾਲ,
ਨੈਣਾਂ ' ਚੋਂ ਹਰ ਪਲ ਨੀਰ ਵਹੇ ਨੇ ,,

ਰਾਣੂ ਦੇਹ ਤਾਂ ਮਿੱਟੀ ਦੀ ਢੇਰੀ,
ਰੱਬ ਨੇ ਐਸੇ ਲੇਖ ਘੜੇ ਨੇ ।।।

# ਮੁਹੱਬਤ ਮੁਹੱਬਤ ਨਾ ਅਖਵਾਉਂਦੀ ਜੇਕਰ ਅਸਾਨ ਹੁੰਦੀ,ਪਰਵਾਨਗੀ ਇਸਨੂੰ ਆਮ ਰਿਸ਼ਤਿਆਂ ਸਮਾਨ ਹੁੰਦੀ !



ਮੁਹੱਬਤ ਮੁਹੱਬਤ ਨਾ ਅਖਵਾਉਂਦੀ
ਜੇਕਰ ਅਸਾਨ ਹੁੰਦੀ,
ਪਰਵਾਨਗੀ ਇਸਨੂੰ ਆਮ ਰਿਸ਼ਤਿਆਂ
ਸਮਾਨ ਹੁੰਦੀ !
ਭਾਂਬੜ ਮੱਚਦੇ ਨਾ ਇਸਦੇ ਉਜਾਗਰ ਹੋਣ
ਸਾਰ,ਕਿ ਜ਼ਿੰਦਗੀ ਹਰ ਤਰਫੋਂ ਘਿਰੀ ਨਾ
ਵਿੱਚ ਤੁਫਾਨ ਹੁੰਦੀ !
ਰੁਲਣ ਦੀ ਬਜਾਏ ਖਿੜਿਆ-ਖਿੜਿਆ
ਹੁੰਦਾ ਹਰ ਚੌਬਰ,ਤੇ ਪਲ ਖੁਸ਼ੀਆਂ ਦੇ
ਫਖਰ ਨਾ ਮਾਣਦੀ ਰਕਾਨ ਹੁੰਦੀ !
ਲੁੱਕ-ਲੁੱਕ ਭੰਨ ਵੰਗਾਂ ਪਿਆਰ ਦੀ ਨਾ
ਡੂੰਘਾਈ ਭਾਫਦੀ,ਤੇ ਡਰਦੇ ਮੁੱਠੀ ਚ ਨਾ
ਹਰ ਦਮ ਉਸਦੀ ਜਾਨ ਹੁੰਦੀ !
ਸੁਪਨੇ ਚੂਰ-ਚੂਰ ਕਰ ਦਫਨਾਏ ਨਾ ਜਾਂਦੇ
ਅੰਦਰ,ਉੱਪਰੇ ਮਨੋਂ ਨਾ ਕਿਸੇ ਹੋਰ ਘਰ
ਦੀ ਉਹ ਸ਼ਾਨ ਹੁੰਦੀ !
ਦਰਾਸਲ ਮੁਹਬੱਤੀ ਪਾਣੀ ਜਦ ਦੋ ਸਿਰਾਂ
ਤੋਂ ਪਾਰ ਹੁੰਦਾ,ਜ਼ਿੰਦਗੀ ਤੀਰ ਤੇ ਇਹ
ਉਸ ਲਈ ਕਮਾਨ ਹੁੰਦੀ !
ਕਿਸੇ-ਕਿਸੇ ਨੂੰ ਲੱਭ ਜਾਂਦੀ ਰਾਹ ਨਵੀਂ ਇਸ
ਵਿੱਚ ਪੈ,ਤੇ ਕਿਸੇ ਨੂੰ ਲਿਜਾ ਇਹ
ਪਹੁੰਚਾਉਂਦੀ
ਸ਼ਮਸ਼ਾਨ ਹੁੰਦੀ !
ਰਣਜੀਤ ਦੁਨੀਆਂ ਬਦਲਦੀ ਨਜ਼ਰੀਆ
ਇਸ ਪ੍ਰਤੀ ਹੂਬਹੂ ਆਪਣਾ,ਤੇਰੀ ਇਸ
ਕਵਿਤਾ ਤਈਂ ਮੰਨ ਲੈਂਦੀ ਰੱਬ ਦਾ ਜੇ
ਫੁਰਮਾਨ
ਹੁੰਦੀ !
ਮੁਹੱਬਤ ਮੁਹੱਬਤ ਨਾ ਅਖਵਾਉਂਦੀ ਜੇਕਰ
ਅਸਾਨ ਹੁੰਦੀ....!!
ਲੇਖਕ : ਰਣਜੀਤ ਕੌਰ ਟੁਰਾਂਟੋ।

# ਸ਼ਬਦਾਂ ਦੀ ਤਾਕਤ ਨੂੰ ਕਦੇ ਵੀ ਘੱਟ ਨਹੀਂ ਸਮਝਣਾ ਚਾਹੀਦਾ, ਕਿਉਂਕਿ ਇੱਕ ਛੋਟੀ ਜਿਹੀ 'ਹਾਂ (ਲੇਖਕ : ਹਰਵਿੰਦਰ ਕੌਰ ਕਾਹਲੋਂ।)



ਸ਼ਬਦਾਂ ਦੀ ਤਾਕਤ ਨੂੰ ਕਦੇ ਵੀ ਘੱਟ ਨਹੀਂ ਸਮਝਣਾ ਚਾਹੀਦਾ, ਕਿਉਂਕਿ ਇੱਕ ਛੋਟੀ ਜਿਹੀ 'ਹਾਂ' ਜ਼ਿੰਦਗੀ ਬਣਾ ਸਕਦੀ ਹੈ ਅਤੇ ਇੱਕ ਛੋਟੀ ਜਿਹੀ 'ਨਾਂਹ' ਜ਼ਿੰਦਗੀ ਬਦਲ ਸਕਦੀ ਹੈ। ਕਈ ਵਾਰ ਸਾਡੀ ਜ਼ਿੰਦਗੀ ਵਿੱਚ ਇਹੋ ਜਿਹੇ ਮੌਕੇ ਆਉਂਦੇ ਹਨ ਕਿ ਅਸੀਂ ਓਥੇ" ਹਾਂ" ਦੀ ਜਗ੍ਹਾ "ਨਾਂਹ" ਕਹਿ ਕਿ ਇੱਕ ਚੰਗੇ ਮੌਕੇ ਨੂੰ ਗਵਾ ਬੈਠਦੇ ਹਾਂ ,ਬਾਅਦ ਵਿੱਚ ਪਤਾ ਲੱਗਦਾ ਜਦੋਂ ਕੋਈ ਹੋਰ ਓਥੇ ਹਾਂ ਕਹਿ ਕੇ ਜ਼ਿੰਦਗੀ ਵਿੱਚ ਕਿਤੇ ਅੱਗੇ ਨਿਕਲ ਜਾਂਦਾ ,ਅਸੀਂ ਝੂਰਦੇ ਰਹਿ ਜਾਂਦੇ ਹਾਂ। ਇਸੇ ਤਰ੍ਹਾਂ ਕਈ ਵਾਰ ਜਿੱਥੇ ਨਾਂਹ ਕਹਿਣੀ ਹੋਏ ਓਥੇ ਅਸੀਂ ਹਾਂ ਕਹਿ ਕੇ ਫਸ ਜਾਂਦੇ ਹਾਂ ਤੇ ਬਾਅਦ ਵਿੱਚ ਸੋਚਦੇ ਹਾਂ ਹੁਣ ਹਾਂ ਕਹੀ ਆ ਤਾਂ ਆਪਣੇ ਲਫਜ਼ਾਂ ਨੂੰ ਵਾਪਿਸ ਕਿਵੇਂ ਲਈਏ ਫੇਰ ਕਈ ਵਿਉਂਤਾਂ ਘੜਦੇ ਹਾਂ,ਆਪਣੀ ਹਾਂ ਨੂੰ ਨਾਂਹ ਵਿੱਚ ਬਦਲਣ ਲਈ ,ਕਈ ਕੰਮਾਂ ਵਿੱਚ ਤੁਸੀਂ ਆਪ ਨਾਂਹ ਕਹਿਣਾ ਚਾਹੁੰਦੇ ਹੋ ਅਗਲਾ ਤੁਹਾਨੂੰ ਬਦੋਬਦੀ ਹਾਂ ਕਰਵਾ ਕੇ ਛੱਡਦਾ, ਹਾਂ ਕਰਵਾਉਣ ਵਾਲਾ ਆਪਣਾ ਫਾਇਦਾ ਉਠਾ ਜਾਂਦਾ ਅਤੇ ਨੁਕਸਾਨ ਤੁਹਾਨੂੰ ਉਠਾਉਣਾ ਪੈਂਦਾ, ਸੋ ਕਹਿਣ ਦਾ ਭਾਵ ਕਿ ਸ਼ਬਦ ਤੇ ਛੋਟੇ ਹਨ ਪਰ ਇਹਨਾਂ ਦੀ ਵਰਤੋਂ ਸੋਚ ਸਮਝ ਕੇ ਕੀਤੀ ਜਾਣੀ ਚਾਹੀਦੀ ਹੈ ਇਹ ਜ਼ਿੰਦਗੀ ਨੂੰ ਬਣਾ ਤੇ ਵਿਗਾੜ ਵੀ ਸਕਦੇ ਹਨ।

ਹਰਵਿੰਦਰ ਕੌਰ ਕਾਹਲੋਂ।

# ਇੱਕ ਬਾਗ਼ੀ ਵਿਅਕਤੀ ਉਹ ਹੁੰਦਾ ਹੈ ਜਿਸਨੇ ਸਮਾਜ ਦੀ ਸਾਰੀ ਬਕਵਾਸ ਨੂੰ ਸਮਝ ਲਿਆ ਹੈ ਅਤੇ ਚੁੱਪ-ਚਾਪ ਇਸ ਵਿੱਚੋਂ ਬਾਹਰ ਨਿਕਲ ਜਾਂਦਾ ਹੈ।



ਇੱਕ ਬਾਗ਼ੀ ਵਿਅਕਤੀ ਉਹ ਹੁੰਦਾ ਹੈ ਜਿਸਨੇ ਸਮਾਜ ਦੀ ਸਾਰੀ ਬਕਵਾਸ ਨੂੰ ਸਮਝ ਲਿਆ ਹੈ ਅਤੇ ਚੁੱਪ-ਚਾਪ ਇਸ ਵਿੱਚੋਂ ਬਾਹਰ ਨਿਕਲ ਜਾਂਦਾ ਹੈ।

ਉਹ ਉਸ ਨਾਲ ਲੜਦਾ ਨਹੀਂ; ਉੱਪਰ-ਉੱਪਰ 'ਤੋਂ, ਉਹ ਅਜਿਹਾ ਦਿਖਾਵਾ ਵੀ ਕਰਦਾ ਹੈ ਕਿ ਉਹ ਤੁਹਾਡੇ ਹੀ ਨਾਲ ਹੈ, ਸਮਾਜ ਦਾ ਹੀ ਹਿੱਸਾ ਹੈ।

ਉਹ ਇੱਕ ਬਹੁਤ ਚਲਾਕ ਆਦਮੀ ਹੁੰਦਾ ਹੈ।

ਉਹ ਇੰਨਾ ਚਲਾਕ ਹੁੰਦਾ ਹੈ ਕਿ ਨਾ ਤਾਂ ਉਹ ਪਰੰਪਰਾਵਾਦੀ (orthodox) ਹੁੰਦਾ ਹੈ ਅਤੇ ਨਾ ਹੀ ਕ੍ਰਾਂਤੀਕਾਰੀ (revolutionary)।

ਉਹ ਬਸ ਬਾਗ਼ੀ (rebellious) ਹੁੰਦਾ ਹੈ।

ਪਰ ਉਸਦੀ ਬਗਾਵਤ ਇੰਨੀ ਬੁੱਧੀਮਾਨ ਹੁੰਦੀ ਹੈ ਕਿ ਉਹ ਜਾਣਦਾ ਹੈ ਕਿ ਬਹੁਤ ਸਾਰੀਆਂ ਗੱਲਾਂ ਉੱਤੇ ਲੜਨ ਦਾ ਕੋਈ ਅਰਥ ਨਹੀਂ ਹੈ।

ਜੇ ਸਮਾਜ ਕਹਿੰਦਾ ਹੈ, "ਖੱਬੇ ਪਾਸੇ ਚੱਲੋ" ਤਾਂ ਉਹ ਖੱਬੇ ਪਾਸੇ ਹੀ ਚੱਲਦਾ ਹੈ ਕਿਉਂਕਿ ਇਸ ਵਿੱਚ ਲੜਨ ਦਾ ਕੋਈ ਮਤਲਬ ਨਹੀਂ ਹੈ; ਇਹ ਪੂਰੀ ਤਰ੍ਹਾਂ ਵਿਅਰਥ ਹੈ।

ਉੱਪਰੋਂ-ਉੱਪਰੋਂ, ਉਹ ਸਮਾਜ ਦੀ ਪਾਲਣਾ ਕਰਦਾ ਰਹਿੰਦਾ ਹੈ;

ਪਰ ਅੰਦਰੋਂ-ਅੰਦਰੋਂ ਉਹ ਉਸ ਵਿੱਚੋਂ ਬਾਹਰ ਨਿਕਲ ਚੁੱਕਾ ਹੁੰਦਾ ਹੈ, ਡੂੰਘਾਈ ਵਿੱਚ, ਉਹ ਆਪਣਾ ਜੀਵਨ ਆਪਣੇ ਤਰੀਕੇ ਨਾਲ ਜਿਉਣ ਲੱਗਦਾ ਹੈ।

ਉਹ ਆਪਣੀ ਖੁਸ਼ੀ ਨੂੰ ਬਾਜ਼ਾਰ ਵਿੱਚ ਪ੍ਰਦਰਸ਼ਿਤ ਕਰਨ ਨਹੀਂ ਜਾਂਦਾ,

ਕਿਉਂਕਿ ਜੇ ਤੁਸੀਂ ਆਪਣੀ ਖੁਸ਼ੀ ਬਾਜ਼ਾਰ ਵਿੱਚ ਦਿਖਾਓਗੇ ਤਾਂ ਉਹ ਤੁਹਾਨੂੰ ਮਾਰ ਦੇਣਗੇ; ਉਹ ਤੁਹਾਨੂੰ ਸੂਲੀ 'ਤੇ ਚੜ੍ਹਾ ਦੇਣਗੇ।

ਉਨ੍ਹਾਂ ਨੇ ਇਹੀ ਯਿਸੂ ਨਾਲ ਕੀਤਾ,

ਇਹੀ ਸੁਕਰਾਤ ਨਾਲ ਕੀਤਾ,

ਇਹੀ ਮਨਸੂਰ ਨਾਲ ਕੀਤਾ —

ਉਹ ਤੁਹਾਨੂੰ ਵੀ ਛੱਡਣ ਵਾਲੇ ਨਹੀਂ ਹਨ।

ਇਸਲਈ ਕੋਈ ਲੋੜ ਹੀ ਨਹੀਂ ਹੈ।

ਜਦੋਂ ਤੁਸੀਂ ਦੁੱਖੀ ਲੋਕਾਂ ਵਿੱਚ ਬੈਠੇ ਹੋ ਤਾਂ ਇੱਕ ਦੁੱਖੀ ਚਿਹਰਾ ਬਣਾਈ ਰੱਖੋ —

ਬਲਕਿ ਉਨ੍ਹਾਂ ਤੋਂ ਵੀ ਜ਼ਿਆਦਾ ਦੁੱਖੀ ਚਹਿਰਾ ਬਣਾ ਲਵੋ —

ਕਿਉਂਕਿ ਇਹ ਸਿਰਫ਼ ਇੱਕ ਖੇਡ ਹੈ ਜੋ ਤੁਸੀਂ ਖੇਡ ਰਹੇ ਹੋ।

ਅਸਲ ਵਿੱਚ ਤੁਸੀਂ ਦੁੱਖੀ ਨਹੀਂ ਹੋ;

ਤੁਸੀਂ ਉਨ੍ਹਾਂ ਨਾਲੋਂ ਬਿਹਤਰ ਨਾਟਕ ਕਰ ਸਕਦੇ ਹੋ —

ਕਿਉਂਕਿ ਉਹ ਅਸਲ ਵਿੱਚ ਦੁੱਖੀ ਹਨ।

ਉਨ੍ਹਾਂ ਨਾਲੋਂ ਜ਼ਿਆਦਾ ਦੇਰ ਉਦਾਸ ਚਿਹਰਾ ਬਣਾਈ ਰੱਖੋ।

ਅਤੇ ਜਦੋਂ ਇਕੱਲੇ ਹੋਵੋ, ਤਾਂ ਦਿਲੋਂ ਖੋਲ੍ਹ ਕੇ ਹੱਸੋ।

ਸਮਾਜ ਨਾਲ ਲੜਨ ਨਾ ਲੱਗ ਜਾਣਾ ,

ਨਹੀਂ ਤਾਂ ਤੁਸੀਂ ਮੁਸੀਬਤ ਵਿੱਚ ਪੈ ਜਾਓਗੇ,

ਅਤੇ ਖੁਸ਼ੀ ਫਿਰ ਤੋਂ ਓਨੀ ਦੂਰ ਚਲੀ ਜਾਵੇਗੀ ਜਿੰਨਾ ਪਹਿਲਾਂ ਸੀ।

ਪਹਿਲਾਂ, ਤੁਸੀਂ ਸਮਾਜ ਦਾ ਹਿੱਸਾ ਸੀ ਅਤੇ ਖੁਸ਼ ਨਹੀਂ ਹੋ ਪਾ ਰਹੇ ਸੀ।

ਹੁਣ ਤੁਸੀਂ ਸਮਾਜ ਨਾਲ ਲੜੋਗੇ,

ਤਾਂ ਸਮਾਜ ਤੁਹਾਨੂੰ ਜੇਲ੍ਹ ਵਿੱਚ ਪਾ ਦੇਵੇਗਾ, ਜੰਜ਼ੀਰਾਂ ਨਾਲ ਬੰਨ੍ਹ ਦੇਵੇਗਾ, ਤੁਹਾਨੂੰ ਕੁਚਲਣ ਦੀ ਹਰ ਕੋਸ਼ਿਸ਼ ਕਰੇਗਾ —

ਅਤੇ ਫਿਰ ਤੁਸੀਂ ਦੁਬਾਰਾ ਦੁਖੀ ਹੋ ਜਾਵੋਗੇ।

ਇੱਕ ਬਾਗ਼ੀ ਵਿਅਕਤੀ ਬਹੁਤ, ਬਹੁਤ ਚਲਾਕ ਹੁੰਦਾ ਹੈ।

ਉਹ ਇੰਨੀ ਖਾਮੋਸ਼ੀ ਨਾਲ ਬਾਹਰ ਨਿਕਲ ਜਾਂਦਾ ਹੈ ਕਿ ਸਤ੍ਹਾ 'ਤੇ ਕੋਈ ਲਹਿਰ ਤੱਕ ਪੈਦਾ ਨਹੀਂ ਹੁੰਦੀ

ਅਤੇ ਅੰਦਰੋਂ ਅੰਦਰੀ, ਉਹ ਆਪਣਾ ਨਿਜੀ ਜੀਵਨ ਆਪਣੇ ਹੀ ਤਰੀਕੇ ਨਾਲ ਜੀਉਂਦਾ ਰਹਿੰਦਾ ਹੈ।

— ਓਸ਼ੋ 🍀 (ਅਨੁਵਾਦ: ਮੀਤ ਅਨਮੋਲ)

# ਕਹਾਣੀ ਬੇਬਸੀ



ਸਾਉਣ ਭਾਦਰੋਂ ਦਾ ਚੁਮਾਸਾ..ਸਿਖਰ ਦੁਪਹਿਰ..ਪਿੰਡੋਂ ਬਾਹਰਵਾਰ..ਇਕਾਂਤ ਜਿਹਾ ਕਮਰਾ..ਸਾਰਿਆਂ ਰਲ ਪੈਸੇ ਪਾ ਕੁਝ ਘੰਟਿਆਂ ਲਈ ਵੀ.ਸੀ.ਆਰ ਲਿਆਂਦਾ.."ਪੁੱਤ ਜੱਟਾਂ ਦੇ" ਫਿਲਮ ਦਾ ਆਖਰੀ ਸੀਨ..ਅਚਾਨਕ ਕਮਰੇ ਦਾ ਬੂਹਾ ਖੁੱਲਦਾ..ਅੰਦਰ ਘੁੱਪ ਹਨੇਰਾ..ਚੜ੍ਹਦੀ ਉਮਰ ਦੀ ਇੱਕ ਮੁਟਿਆਰ ਫਿਲਮ ਵੇਖ ਰਹੀ ਭੀੜ ਵਿਚੋਂ ਆਪਣੇ ਦੋਹਾਂ ਵੀਰਾਂ ਨੂੰ ਲ਼ੱਭ ਮਾਂ ਦਾ ਸੁਨੇਹਾ ਦਿੰਦੀ.."ਖੇਤਾਂ ਵਿਚ ਡੰਗਰ ਚਾਰਦੇ ਬਾਪੂ ਦੀ ਰੋਟੀ ਫੜਾ ਆਓ.."

ਅੱਗਿਓਂ ਅਣਸੁਣੀ ਕਰ ਦਿੰਦੇ..ਉਲਟਾ ਗੁੱਸੇ ਹੁੰਦੇ..ਤੂੰ ਇਥੇ ਕੀ ਲੈਣ ਆਈ..ਸ਼ਾਇਦ ਉਸਦਾ ਢਾਣੀ ਵਿਚ ਇੰਝ ਅਚਾਨਕ ਆਣ ਵੜਨਾ ਚੰਗਾ ਨਹੀਂ ਸੀ ਲੱਗਾ! ਜੁਆਬ ਸੁਣ ਨਿਰਾਸ਼ ਅਤੇ ਬੇਵੱਸ ਓਸੇ ਤਰਾਂ ਹੀ ਬੂਹਾ ਭੇੜ ਬਾਹਰ ਨੂੰ ਨਿੱਕਲ ਜਾਂਦੀ..ਘੜੀ ਕੂ ਮਗਰੋਂ ਉਹ ਬੰਨੇ ਤੇ ਡੰਗਰ ਚਾਰ ਰਹੀ ਹੁੰਦੀ..ਬਾਪੂ ਕੋਲ ਹੀ ਰੁੱਖਾਂ ਦੀ ਛਾਂ ਹੇਠ ਚਾਦਰ ਵਿਛਾ ਕੇ ਲੰਮੇ ਪਿਆ ਹੁੰਦਾ..!

ਭੈਣਾਂ ਬਾਪੂਆਂ ਦੀ ਅਜੋਕੀ ਬੇਬਸੀ ਕੋਈ ਨਵੀਂ ਗੱਲ ਨਹੀਂ..ਵਰਤਾਰਾ ਦਹਾਕਿਆਂ ਤੋਂ ਇੰਝ ਹੀ ਚੱਲਿਆ ਆ ਰਿਹਾ..ਇਹ ਓਹਨਾ ਦਿਨਾਂ ਦੀ ਗੱਲ ਏ ਜਦੋਂ ਨਰਿੰਦਰ ਬੀਬਾ ਦਾ ਇਹ ਗੀਤ ਅਕਸਰ ਹੀ ਘਰਾਂ ਢਾਬਿਆਂ ਦਾ ਸ਼ਿੰਗਾਰ ਬਣਿਆ ਕਰਦਾ.."ਹਰਾ ਹਰਾ ਘਾਹ ਉੱਤੇ ਸੱਪ ਫੂਕਾਂ ਮਾਰਦਾ..ਭੱਜੋ ਵੀਰੋ ਵੇ ਬਾਪੂ ਕੱਲਾ ਮੱਝਾਂ ਚਾਰਦਾ"

ਓਦੋਂ ਦਰਮਿਆਨੇ ਤਬਕੇ ਲਈ ਲਵੇਰਾ ਰੱਖਣਾ ਸ਼ੌਕ ਅਤੇ ਮੱਝਾਂ ਚਾਰਨੀਆਂ ਮਜਬੂਰੀ ਹੁੰਦੀ ਸੀ..ਸ਼ੌਕ ਪਰਿਵਾਰ ਨੂੰ ਸਿਹਤਮੰਦ ਰੱਖਦਾ ਅਤੇ ਦੂਜਾ ਕੰਮ ਸਰਫ਼ੇ ਨਾਲ ਉਗਾਇਆ ਹਰਾ ਚਾਰਾ ਬਚਾਉਣ ਵਿਚ ਸਹਾਈ ਹੁੰਦਾ ਸੀ..! ਪਰ ਸੱਪ ਏਨੇ ਜ਼ਹਿਰੀ ਨਹੀਂ ਸਨ ਜਿੰਨੇ ਹੁਣ..ਹੁਣ ਵਾਲਿਆਂ ਨੂੰ ਤੇ ਰੂਹਾਂ ਤੇ ਡੰਗਣਾ ਵੀ ਆ ਗਿਆ!

ਹਰਪ੍ਰੀਤ ਸਿੰਘ ਜਵੰਦਾ

# ਨਿਹਕੀਆਂ ਜੰਗਾਂ ਨਹੀਂ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਮਨੁੱਖਤਾ ਦਾ ਭਲਾ ਕਰੇਗੀ - ਪੈਨਸ਼ਨਰ ਸਭਾ



**ਦਰਸ਼ਨ ਸਿੰਘ ਬਰੇਟਾ, ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ। |**

ਯੁੱਧ ਕਿਸੇ ਮਸਲੇ ਦਾ ਹੱਲ ਨਹੀਂ ਸਗੋਂ ਹੋਰ ਗੰਭੀਰ ਸਮੱਸਿਆਵਾਂ ਪੈਦਾ ਕਰਦੀ ਹੈ, ਜੋ ਦਹਾਕਿਆਂ ਤੱਕ ਮਨੁੱਖੀ ਵਿਕਾਸ ਲਈ ਸਰਾਪ ਬਣ ਜਾਂਦੇ ਹਨ। ਅੱਜ ਦੇ ਅੰਤਰ ਨਿਰਭਰ ਸੰਸਾਰ ਵਿੱਚ ਸ਼ਾਂਤੀ ਪੂਰਨ ਸਾਹਿਹੋਂਦ ਹੀ ਮਨੁੱਖ ਦੀ ਹੋਂਦ ਅਤੇ ਵਿਕਾਸ ਦੀ ਜਾਮਨੀ ਹੈ। ਖਾੜੀ ਦੀ ਮੌਜੂਦਾ ਜੰਗ ਅਮਰੀਕਾ ਅਤੇ ਇਸਰਾਈਲ ਦੀ ਲਾਲਸਾ ਦਾ ਨਤੀਜਾ ਹੈ । ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣ ਲਈ ਸ਼ਹੀਦ ਭਗਤ ਸਿੰਘ ਦੀ ਮਨੁੱਖਤਾ ਨੂੰ ਪਿਆਰ ਕਰਨ ਦੀ ਵਿਚਾਰਧਾਰਾ ਹੀ ਬਰਾਬਰੀ ਵਾਲ਼ਾ ਸਮਾਜ ਸਿਰਜ ਸਕਦੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਦੁਰਗਾ ਮੰਦਰ ਧਰਮਸ਼ਾਲਾ ਵਿਖੇ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਬਰੇਟਾ ਦੀ ਮਾਸਿਕ ਮੀਟਿੰਗ ਵਿੱਚ ਬੁਲਾਰਿਆਂ ਨੇ ਕੀਤਾ। ਪ੍ਰਧਾਨ ਮੇਲਾ ਸਿੰਘ ਖਾਲਸਾ ਨੇ ਸਵਾਗਤੀ ਭਾਸ਼ਣ ਵਿੱਚ ਹਾਜਰ ਮੈਂਬਰਾਂ ਨੂੰ ਵਿਚਾਰ ਚਰਚਾ ਵਿੱਚ ਸਰਗਰਮ ਭੂਮਿਕਾ ਅਦਾ ਕਰਨ ਦਾ ਸੱਦਾ ਦਿੱਤਾ। ਮੀਟਿੰਗ ਦੀ ਪ੍ਰਧਾਨਗੀ ਸਰਪਰਸਤ ਜਲਾਵਰ ਸਿੰਘ ਚਹਿਲ , ਕ੍ਰਿਸ਼ਨ ਕੁਮਾਰ ਗੋਇਲ ਅਤੇ ਰਾਜਿੰਦਰ ਮਲੂਕਾ ਨੇ ਕੀਤੀ। ਖਜ਼ਾਨਚੀ ਗੁਲਜਾਰ ਸਿੰਘ ਖਾਲਸਾ ਨੇ ਪੈਨਸ਼ਨਰ ਸਮੱਸਿਆਵਾਂ ਸੰਬੰਧੀ ਪ੍ਰਸ਼ਨ ਉੱਤਰ ਦਾ ਸਿਲਸਿਲਾ ਪੂਰਾ ਕੀਤਾ। ਅੱਜ ਦੀ ਮੀਟਿੰਗ ਵਿੱਚ ਨਵੇਂ ਮੈਂਬਰਾਂ ਦੇ ਨਾਲ਼ ਨਾਲ਼ ਵੱਡੀ ਗਿਣਤੀ ਸਾਥੀ ਹਾਜਰ ਹੋਏ। ਡਾ. ਭਾਵਾਨੀ ਸ਼ੰਕਰ ਗਰਗ ਨੇ ਜੰਗ ਕਾਰਨ ਸਿਹਤ ਸਮੱਸਿਆਵਾਂ ਪੈਦਾ ਹੋਣ ਸਬੰਧੀ ਜਾਣਕਾਰੀ ਦਿੱਤੀ। ਨਾਲ਼ ਹੀ ਵੱਡੀ ਉਮਰ ਵਿੱਚ ਸਿਹਤ ਸੰਭਾਲ ਬਾਰੇ ਸੁਝਾਅ ਦਿੱਤੇ। ਕ੍ਰਿਸ਼ਨ ਰੰਘੜਿਆਲ ਅਤੇ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਚਰਚਾ ਕਰਦਿਆਂ ਆਧੁਨਿਕ ਸਮਾਜ 'ਤੇ ਪ੍ਰਭਾਵਾਂ ਦਾ ਸੰਵਾਦ ਰਚਾਇਆ। ਸਹੀਦੇ ਆਜ਼ਮ ਭਗਤ ਸਿੰਘ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਜਿਕਰ ਕੀਤਾ। ਦਸੌਂਧਾਂ ਸਿੰਘ ਬਹਾਦਰਪੁਰ, ਸੱਤ ਪ੍ਰਕਾਸ਼ ਸ਼ਰਮਾ, ਸਰਦੂਲ ਚਹਿਲ, ਜਸਪਾਲ ਸ਼ਰਮਾਂ, ਗੁਰਦੀਪ ਮੰਡੇਰ ਅਤੇ ਜਰਨੈਲ ਸਿੰਘ ਨੇ ਸਮਾਜਿਕ ਅਤੇ ਜਥੇਬੰਦਕ ਮਸਲਿਆਂ ਬਾਰੇ ਵਿਚਾਰ ਰੱਖੇ। ਸਭਾ ਦੀ ਮੈਂਬਰ ਬੀਬੀ ਬਲਵੀਰ ਕੌਰ ਨੇ ਔਰਤ ਮੈਂਬਰਾਂ ਦੀ ਹਾਜ਼ਰੀ ਵਧਾਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ ਲਈ ਆਪਣੀਆਂ ਸੇਵਾਵਾਂ ਵੱਧ ਚੜ੍ਹ ਕੇ ਦੇਣ ਦੀ ਪੇਸ਼ਕਸ਼ ਕੀਤੀ। ਮਿਲਖ ਰਾਜ ਸ਼ਰਮਾਂ ਕੁਲਰੀਆਂ ਨੇ ਸੂਫ਼ੀ ਸ਼ਾਇਰੀ ਨਾਲ਼ ਮੀਟਿੰਗ ਦਾ ਰੰਗ ਬੰਨ੍ਹਿਆ। ਮਾਰਚ ਮਹੀਨੇ ਜਨਮ ਦਿਨ ਵਾਲੇ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਜਥੇਬੰਦੀ ਵੱਲੋਂ ਹੈਂਡ ਬੈਗ ਭੇਂਟ ਕੀਤੇ ਗਏ। ਅੰਤ ਵਿੱਚ ਉੱਪ ਪ੍ਰਧਾਨ ਜੋਹਰੀ ਲਾਲ ਗੋਇਲ ਨੇ ਹਾਜਰ ਮੈਂਬਰਾਂ ਦਾ ਧੰਨਵਾਦ ਕੀਤਾ।

# ਲਛਮਣ ਸਿੰਘ ਨੇ ਤਰਨਤਾਰਨ ਦੇ ਤਹਿਸੀਲਦਾਰ ਦਾ ਅਹੁਦਾ ਸੰਭਾਲਿਆ



**ਦਫਤਰ ਪਹੁੰਚਣ ਤੇ ਸਟਾਫ ਵੱਲੋਂ ਕੀਤਾ ਗਿਆ ਭਰਵਾਂ ਸਵਾਗਤ |**

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 21 ਮਾਰਚ ਤਰਨਤਾਰਨ ਤਹਿਸੀਲ ਕੰਪਲੈਕਸ ਵਿਖੇ ਲਛਮਣ ਸਿੰਘ ਨੇ ਬਤੌਰ ਤਹਿਸੀਲਦਾਰ ਵਜੋਂ ਅਹੁਦਾ ਸੰਭਾਲ ਕਿ ਆਪਣਾ ਵਿਭਾਗੀ ਕੰਮਕਾਜ ਸ਼ੁਰੂ ਕਰ ਦਿੱਤਾ। ਇਸ ਮੌਕੇ 'ਤੇ ਨਾਇਬ ਤਹਿਸੀਲਦਾਰ ਅਰਚਨਾ ਸ਼ਰਮਾਂ, ਨਾਇਬ ਤਹਿਸੀਲਦਾਰ ਝਬਾਲ ਜਸਵਿੰਦਰ ਸਿੰਘ ਵੱਲੋਂ ਤਹਿਸੀਲਦਾਰ ਲਛਮਣ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਭਰਵਾ ਸੁਆਗਤ ਕੀਤਾ ਗਿਆ। ਇਸ ਮੌਕੇ ਤਹਿਸੀਲਦਾਰ ਲਛਮਣ ਸਿੰਘ ਨੇ ਕਿਹਾ ਕਿ ਤਹਿਸੀਲ ਵਿਚ ਆਉਣ ਵਾਲੇ ਸਾਰੇ ਨਾਗਰਿਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਦਫ਼ਤਰ ਵਿਖੇ ਆਉਣ ਵਾਲੇ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ। ਇਸ ਮੌਕੇ ਰੀਡਰ ਬਖਤਾਵਰ ਸਿੰਘ, ਰੀਡਰ ਪ੍ਰਤਾਪ ਸਿੰਘ, ਰਣਜੀਤ ਕੌਰ, ਸੁਖਬੀਰ ਸਿੰਘ ਰੀਡਰ, ਜਗਪ੍ਰੀਤ ਸਿੰਘ ਆਰ.ਸੀ., ਕਿਰਨਦੀਪ ਕੁਮਾਰ ਆਰ.ਸੀ., ਸਤੀਸ਼ ਕੁਮਾਰ, ਸੁਨੀਲ ਕੁਮਾਰ, ਮੰਗਤ ਸਿੰਘ, ਗੁਰਮੁੱਖ ਸਿੰਘ, ਪਟਵਾਰ ਯੂਨੀਅਨ ਤਰਨਤਾਰਨ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ, ਪਟਵਾਰੀ ਦਿਲਬਾਗ ਸਿੰਘ ਮੱਲੀਆ, ਅਨਮੋਲ ਸਿੰਘ ਪਟਵਾਰੀ, ਤਨਵਿੰਦਰ ਸਿੰਘ ਪਟਵਾਰੀ, ਇੰਦਰਪ੍ਰੀਤ ਸਿੰਘ ਪਟਵਾਰੀ, ਬਾਬਾ ਬਲਬੀਰ ਸਿੰਘ ਕਾਨੂੰਗੋ ਆਦਿ ਤਹਿਸੀਲ ਕੰਪਲੈਕਸ ਦੇ ਮੁਲਾਜ਼ਮ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਮੰਗੇ ਪਾਸਪੋਰਟ



ਅੰਮ੍ਰਿਤਸਰ, 21 ਮਾਰਚ-

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 2026 ਵਿਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ 'ਚ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ ਅਤੇ ਇਸ ਵਾਰ ਇਹ ਜਥਾ ਜੂਨ ਮਹੀਨੇ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਾਸਪੋਰਟ ਦੇ ਨਾਲ ਪਛਾਣ ਪੱਤਰ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਲਈ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਸ਼੍ਰੋਮਣੀ ਕਮੇਟੀ ਕੋਲ ਜਮ੍ਹਾਂ ਕਰਵਾਉਣ ਤਾਂ ਜੋ ਅਗਲੇਰੀ ਕਾਰਵਾਈ ਲਈ ਸਰਕਾਰ ਨੂੰ ਭੇਜੇ ਜਾ ਸਕਣ।

# ਕੈਬਨਿਟ ਮੰਤਰੀ ਲਾਲਜੀਤ ਭੁੱਲ਼ਰ ਦੀ ਕੈਬਨਿਟ 'ਚੋ ਹੋਈ ਛੁੱਟੀ

## ਗਗਨਦੀਪ ਵੱਲੋਂ ਖੁਦਕੁਸ਼ੀ ਕਰਨ ਸਮੇਂ ਸਾਹਮਣੇ ਆਈ ਵੀਡੀਓ ਉਪਰੰਤ ਲਿਆ ਅਸਤੀਫ਼ਾ

### ਲਾਲਜੀਤ ਸਿੰਘ ਭੁੱਲਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ- ਮਜੀਠੀਆ

ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 21 ਮਾਰਚ ਗਗਨਦੀਪ ਵੱਲੋਂ ਖੁਦਕੁਸ਼ੀ ਕਰਨ ਤੇ ਮਾਮਲੇ ਵਿੱਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਨਾਂ ਵੀ ਸਾਹਮਣੇ ਆਉਣ ਤੇ ਭੁੱਲਰ ਤੋਂ ਅਸਤੀਫਾ ਲੈ ਲਿਆ ਗਿਆ।ਇਹ ਅਸਤੀਫ਼ਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਲਿਆ ਦੱਸਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਪਿਤਾ ਦੇ ਨਾਂ 'ਤੇ ਸਰਕਾਰੀ ਟੈਂਡਰ ਅਪਲਾਈ ਕੀਤੇ ਸੀ, ਜੋ ਕਿ ਕੇਂਦਰੀ ਏਜੰਸੀ ਹੈ। ਜਦੋਂ ਭੁੱਲਰ ਨੂੰ ਟੈਂਡਰ ਨਹੀਂ ਮਿਲਿਆ ਤਾਂ ਉਨ੍ਹਾਂ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਨੂੰ ਬੁਲਾ ਕੇ ਕਿਹਾ ਤੂੰ ਪੈਸੇ ਲੈਣੇ ਹਨ! ਅਤੇ ਧਮਕੀਆਂ ਦੇ ਮਾਰ-ਕੁਟਾਈ ਕੀਤੀ ਦੱਸੀ ਜਾ ਰਹੀ ਹੈ। ਇਸ ਤੇ ਦੁੱਖੀ ਹੋਣ ਕਰਕੇ ਗਗਨਦੀਪ ਸਿੰਘ ਰੰਧਾਵਾ ਵੱਲੋ ਸ਼ਨੀਵਾਰ ਸਵੇਰੇ ਨੂੰ ਖੁਦਕੁਸ਼ੀ ਕਰ ਲਈ ਗਈ। ਇਸ ਤੋ ਪਹਿਲਾ ਗਗਨਦੀਪ ਸਿੰਘ ਵੱਲੋ ਇੱਕ ਵੀਡੀਓ ਸੋਸਲ ਮੀਡੀਆ ਪਾਈ ਗਈ ਜਿਸ ਵਿੱਚ ਲਾਲਜੀਤ ਸਿੰਘ ਭੁੱਲਰ ਦਾ ਨਾਮ ਸਾਹਮਣੇ ਆ ਰਿਹਾ ਹੈ।

ਪੰਜਾਬ ਵੇਅਰਹਾਊਸ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਜਿੰਨਾ ਕੋਲ ਅੰਮ੍ਰਿਤਸਰ ਤੇ ਤਰਨ ਤਾਰਨ ਦਾ ਚਾਰਜ ਸੀ, ਵਲੋ ਆਪਣੇ ਅੰਮ੍ਰਿਤਸਰ ਸਥਿਤ ਘਰ 'ਚ ਖੁਦਕਸ਼ੀ ਕਰਨ ਦੀ ਵੀਡੀਓ ਵਾਇਰਲ ਹੋਣ ਤੇ ਉਨਾਂ ਵਲੋ ਇਸ ਲਈ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਜੁਮੇਵਾਰ ਠਹਿਰਾਏ ਜਾਣ ਤੋ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਵਲੋ ਉਨਾਂ ਤੋ ਅਸਤੀਫਾ ਲੈ ਕੇ ਮੁੱਖ ਸਕੱਤਰ ਪੰਜਾਬ ਨੂੰ ਜਾਂਚ ਦੇ ਆਦੇਸ਼ ਜਾਰੀ ਕੀਤੇ ਹਨ।



### ਲਾਲਜੀਤ ਭੁੱਲਰ ਨੇ ਆਪਣੇ ਲੱਗੇ ਇਲਜਾਮ ਨੂੰ ਸਿਰੇ ਤੋ ਨਿਕਾਰਿਆਂ

ਉਧਰ ਇਸ ਮਾਮਲੇ ਤੇ ਬਾਅਦ ਲਾਲਜੀਤ ਸਿੰਘ ਭੁੱਲਰ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ ਕਿ ਉਨ੍ਹਾਂ ਨੇ ਆਪਣੇ ਉੱਪਰ ਲੱਗੇ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਦਿਆਂ ਇਨ੍ਹਾਂ ਨੂੰ "ਝੂਠੇ ਅਤੇ ਬੇਬੁਨਿਆਦ" ਕਰਾਰ ਦਿੱਤਾ ਹੈ।ਲਾਲਜੀਤ ਭੁੱਲਰ ਨੇ ਸੋਸ਼ਲ ਮੀਡੀਆ ਰਾਹੀਂ ਆਪਣਾ ਪੱਖ ਰੱਖਦਿਆਂ ਕਿਹਾ ਕਿ ਉਹ ਪਾਰਟੀ ਦੀ ਨੈਤਿਕਤਾ ਅਤੇ ਸੱਚਾਈ ਦੀ ਰਾਹ 'ਤੇ ਚੱਲਦਿਆਂ ਖ਼ੁਦ ਨੂੰ ਜਾਂਚ ਲਈ ਪੇਸ਼ ਕਰ ਰਹੇ ਹਨ

# ਬਿਹਾਰ ਵਿੱਚ ਮਾਰਚ ਦੇ ਅਖੀਰਲੇ ਦਿਨਾਂ ਵਿੱਚ ਮੌਸਮ ਆਮ ਤੌਰ 'ਤੇ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ।

ਬਿਹਾਰ ਵਿੱਚ ਮਾਰਚ ਦੇ ਅਖੀਰਲੇ ਦਿਨਾਂ ਵਿੱਚ ਮੌਸਮ ਆਮ ਤੌਰ 'ਤੇ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ। ਮੌਸਮ ਵਿਭਾਗ (IMD) ਅਨੁਸਾਰ, ਮਾਰਚ 2026 ਵਿੱਚ ਬਿਹਾਰ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 32 ਤੋਂ 37 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ 18 ਤੋਂ 24 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। ਪਟਨਾ, ਗਯਾ, ਭਾਗਲਪੁਰ, ਮੁਜ਼ੱਫਰਪੁਰ ਅਤੇ ਪੂਰਬੀ ਚੰਪਾਰਨ ਵਰਗੇ ਸ਼ਹਿਰਾਂ ਵਿੱਚ ਗਰਮੀ ਵਧਣ ਕਾਰਨ ਲੂ ਦੀ ਸਥਿਤੀ ਬਣ ਸਕਦੀ ਹੈ। ਕੁਝ ਦਿਨਾਂ ਵਿੱਚ ਤਾਪਮਾਨ 38-40 ਡਿਗਰੀ ਤੱਕ ਵੀ ਪਹੁੰਚ ਸਕਦਾ ਹੈ, ਖਾਸ ਕਰਕੇ ਦੱਖਣੀ ਅਤੇ ਮੱਧ ਬਿਹਾਰ ਵਿੱਚ।

ਮਾਰਚ ਵਿੱਚ ਬਿਹਾਰ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਸੰਭਾਵਨਾ ਵੀ ਰਹਿੰਦੀ ਹੈ, ਖਾਸ ਕਰਕੇ ਉੱਤਰੀ ਬਿਹਾਰ (ਸੀਤਾਮੜ੍ਹੀ, ਮਧੁਬਨੀ, ਸੁਪੌਲ, ਅਰਰੀਆ) ਵਿੱਚ ਜਿੱਥੇ ਪੂਰਬੀ ਹਵਾਵਾਂ ਕਾਰਨ ਕੁਝ ਮੀਂਹ ਜਾਂ ਗਰਜ ਨਾਲ ਮੀਂਹ ਪੈ ਸਕਦਾ ਹੈ। ਪਰ ਅਧਿਕਾਂਸ਼ ਦਿਨ ਸਾਫ਼ ਅਤੇ ਧੁੱਪ ਵਾਲੇ ਰਹਿੰਦੇ ਹਨ। ਨਮੀ ਦਾ ਪੱਧਰ 40-70% ਰਹਿੰਦਾ ਹੈ, ਜਿਸ ਕਾਰਨ ਗਰਮੀ ਵਧੇਰੇ ਮਹਿਸੂਸ ਹੁੰਦੀ ਹੈ। ਹਵਾ ਦੀ ਰਫ਼ਤਾਰ 10-25 ਕਿਲੋਮੀਟਰ ਪ੍ਰਤੀ ਘੰਟਾ ਰਹਿ ਸਕਦੀ ਹੈ, ਕਈ ਵਾਰ ਝੱਖੜ ਵੀ ਚੱਲ ਸਕਦੇ ਹਨ।

IMD ਨੇ ਮਾਰਚ 2026 ਲਈ ਆਮ ਤੌਰ 'ਤੇ ਗਰਮੀ ਦੀ ਭਵਿੱਖਬਾਣੀ ਕੀਤੀ ਹੈ ਅਤੇ ਕੁਝ ਖੇਤਰਾਂ ਵਿੱਚ ਹੀਟਵੇਵ ਦੀ ਚੇਤਾਵਨੀ ਵੀ ਜਾਰੀ ਕੀਤੀ ਜਾ ਸਕਦੀ ਹੈ। ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਧੁੱਪ ਵਿੱਚ ਘੱਟ ਤੋਂ ਘੱਟ ਸਮਾਂ ਬਿਤਾਉਣ, ਪਾਣੀ ਜ਼ਿਆਦਾ ਪੀਣ, ਹਲਕੇ ਕੱਪੜੇ ਪਹਿਨਣ ਅਤੇ ਬਾਹਰ ਜਾਣ ਸਮੇਂ ਛੱਤਰ ਜਾਂ ਟੋਪੀ ਵਰਤਣ। ਕਿਸਾਨਾਂ ਲਈ ਇਹ ਸਮਾਂ ਗੇਹੂੰ ਦੀ ਕਟਾਈ ਅਤੇ ਗਰਮੀ-ਸਹਿਣਸ਼ੀਲ ਫਸਲਾਂ ਲਈ ਮਹੱਤਵਪੂਰਨ ਹੁੰਦਾ ਹੈ।

ਜੇਕਰ ਤੁਸੀਂ ਇਸ ਖਾਸ ਲਿੰਕ ਵਾਲੀ ਖਬਰ ਦਾ ਸਮੱਗਰੀ ਚਾਹੁੰਦੇ ਹੋ ਅਤੇ ਉਹ ਉਪਲਬਧ ਹੋ ਜਾਵੇ, ਤਾਂ ਦੁਬਾਰਾ ਲਿੰਕ ਭੇਜੋ ਜਾਂ ਹੋਰ ਵੇਰਵੇ ਦੱਸੋ ਤਾਂ ਮੈਂ ਹੋਰ ਮਦਦ ਕਰ ਸਕਦਾ ਹਾਂ।

# ਲਾਲਜੀਤ ਸਿੰਘ ਭੁੱਲਰ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ- ਮਜੀਠੀਆ

**ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਨੇ 'ਆਪ' ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਮਜੀਠੀਆ ਨੇ ਅੰਮ੍ਰਿਤਸਰ ਵੇਅਰ ਹਾਊਸ ਕਾਰਪੋਰੇਸ਼ਨ ਦੇ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੇ ਮਾਮਲੇ ਵਿਚ ਲਾਲਜੀਤ ਸਿੰਘ ਭੁੱਲਰ ਨੂੰ ਕੈਬਨਿਟ ਦੇ ਨਾਲ-ਨਾਲ ਆਮ ਆਦਮੀ ਪਾਰਟੀ ਵਿਚੋਂ ਬਾਹਰ ਕੱਢਣ ਅਤੇ ਉਸ ਖ਼ਿਲਾਫ਼ ਪਰਚਾ ਦਰਜ ਕਰ ਕੇ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਡੀ. ਜੀ. ਪੀ. ਤੇ ਪੁਲਸ ਕਮਿਸ਼ਨਰ ਨੂੰ ਵੀ ਆਖਿਆ ਹੈ ਕਿ ਉਹ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਵੀ ਨਾ ਕਰਨ ਤੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।**

